Estd. 2000

ਮਾਰਚ/March - 2025
ਸਾਲ/Year - 09
ਅੰਕ/Edition - 12
ਕੁੱਲ ਸਫ਼ੇ/Total Page 16

Anual Subcription 500/-

Regd. Office :
1195, Ajit Nagar, Moga.
Pin - 142 001 (Pb.) India

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' • ਲਾਈਵ

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ * ਉਪ ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ

Title Regd No. PUNPUN 04016 * Helpline 9988-92-9988, Email:chief_editor@mehakwatandilive.com www.mehakwatandilive.com

facebook
www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com



ਚੰਦ ਪੁਰਾਣੇ ਦਾ
ਸਲਾਨਾ ਜੋੜ ਮੇਲਾ
16 ਮਾਰਚ 2025
ਦਿਨ ਐਤਵਾਰ ਨੂੰ
- ਬਾਬਾ ਗੁਰਦੀਪ ਸਿੰਘ ਜੀ

ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ
25ਵੀਂ ਸਲਾਨਾ ਬਰਸੀ
10 ਅਪ੍ਰੈਲ 2025 ਨੂੰ



ਬਰਸੀ ਸਮਾਗਮ ਦੌਰਾਨ
8 ਅਤੇ 9 ਅਪ੍ਰੈਲ ਨੂੰ
ਕਬੱਡੀ ਟੂਰਨਾਮੈਂਟ ਹੋਣਗੇ।
9 ਅਪ੍ਰੈਲ 2025 ਨੂੰ
ਦਸਤਾਰ ਮੁਕਾਬਲੇ ਹੋਣਗੇ।
ਬਰਸੀ ਦੇ ਭੋਗ 10 ਅਪ੍ਰੈਲ ਨੂੰ ਪਾਏ ਜਾਣਗੇ। ਉਪਰੰਤ 2.00 ਵਜੇ ਤੱਕ ਧਾਰਮਿਕ ਦੀਵਾਨ ਸਜੇਗਾ।

ਮਹਿਕ ਵਤਨ ਦੀ ਲਾਈਵ ਮੈਗਜੀਨ ਦੇ ਅਪ੍ਰੈਲ ਅੰਕ ਵਿੱਚ
ਵਿਸ਼ਾਖੀ ਵਿਸ਼ੇਸ਼ ਸਪਲੀਮੈਂਟ
ਪ੍ਰਕਾਸਿਤ ਕੀਤਾ ਜਾਵੇਗਾ। ਇਸ ਸਪਲੀਮੈਂਟ ਵਿੱਚ ਵਧਾਈ, ਸੰਦੇਸ਼ ਅਤੇ ਇਸ਼ਤਿਹਾਰ ਦੇਣ ਲਈ ਜਲਦੀ ਸੰਪਰਕ ਕਰੋ।
9988-92-9988

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com




# ਅਮਰੀਕਾ ਤੋਂ ਡਿਪੋਰਟ ਹੋਏ ਲੋਕ, ਕਸੂਰਵਾਰ ਕੌਣ ?

## ਡਿਪੋਰਟ ਕੀਤੇ ਗਏ ਭਾਰਤੀ ਲੋਕਾਂ ਦਾ ਅੰਮ੍ਰਿਤਸਰ ਵਿਖੇ ਉਤਰੇ ਜਹਾਜ਼ ਦਾ ਬੜਾ ਜ਼ਿਕਰ ਆ ਪਰ...

ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਅਮਰੀਕਾ ਤੋਂ ਡਿਪੋਰਟ ਹੋਏ ਲੋਕ, ਕਸੂਰ ਵਾਰ ਕੌਣ ?

ਅੱਜ-ਕੱਲ੍ਹ ਇੱਕ ਬਹੁੱਤ ਹੀ ਖਾਸ ਮੁੱਦਾ ਭਖਿਆ ਹੋਇਆ ਹੈ ਅਮਰੀਕਾ ਤੋਂ ਡਿਪੋਰਟ ਹੋਏ ਭਾਰਤੀਆਂ ਬਾਰੇ। ਵੇਖਿਆ ਜਾਵੇ ਤਾਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਇਹ ਗਲਤ ਨਹੀਂ ਠੀਕ ਹੀ ਕੀਤਾ ਗਿਆ ਹੈ। ਏਨ੍ਹਾਂ ਖਰਚਾ ਕਰ ਕੇ ਗਏ ਭਾਰਤੀਆਂ ਦੇ ਡਿਪੋਰਟ ਹੋਣ ਤੇ ਸਾਨੂੰ ਉਨ੍ਹਾਂ ਨਾਲ ਹਮਦਰਦੀ ਹੈ ਪਰ ਇਸ ਵਿੱਚ ਕਸੂਰ ਕਿਸ ਦਾ ਹੈ ? ਸਾਡੇ ਘਰ ਦੀ ਕੰਧ ਟੱਪ ਕੇ ਕੋਈ ਸਾਡੇ ਘਰ ਵੜ ਜਾਵੇ ਅਸੀਂ ਉਸ ਦਾ ਕੁੱਟ-ਕੁੱਟ ਬੁਰਾ ਹਾਲ ਕਰ ਦਿੰਦੇ ਹਾਂ ਫਿਰ ਉਸ ਨੂੰ ਪੁਲਿਸ ਦੇ ਹਵਾਲੇ ਕਰ ਦਿੰਦੇ ਹਾਂ। ਇਹ ਤਾਂ ਫਿਰ ਕਿਸੇ ਦੇਸ਼ ਦੀ ਹੱਦ ਟੱਪ ਕੇ ਗਏ ਹਨ, ਉਹ ਵੀ ਸੰਯੁਕਤ ਰਾਸ਼ਟਰ ਦੀ। ਕੀ ਇਨ੍ਹਾਂ ਦਾ ਕਸੂਰ ਨਹੀਂ ਹੈ। ਸ਼ੁਕਰ ਕਰੋ ਅਮਰੀਕਾ ਨੇ ਡਿਪੋਰਟ ਕੀਤਾ ਹੈ। ਜੇਕਰ ਪਾਕਿਸਤਾਨ ਹੁੰਦਾਂ ਤਾਂ ਉਨ੍ਹਾਂ ਨੇ ਤਾਂ ਗੋਲੀ ਹੀ ਮਾਰ ਦੇਣੀ ਸੀ।

ਕਿਸੇ ਫੁਕਰੇ ਗਾਇਕ ਨੇ ਗੀਤ ਗਾਇਆ ਸੀ, "ਜੱਟਾਂ ਦੇ ਪੁੱਤਾਂ ਨੂੰ ਰੋਕ ਸਕੇ ਨਾ ਟਰੰਪ"। ਅਗਲੇ ਨੇ ਰੋਕ ਕੇ ਵਿਖਾ ਦਿੱਤਾ। ਟਰੰਪ ਨੇ ਜਹਾਜ ਭਰ-ਭਰ ਕੇ ਪੰਜਾਬੀ ਭੇਜ ਦਿੱਤੇ ਵਾਪਸ। ਜਦੋਂ ਆਪਾਂ ਕਿਸੇ ਨਾਲ ਗਲਤ ਕਰਾਂਗੇ, ਕਿਸੇ ਖਿਲਾਫ ਗਲਤ ਸ਼ਬਦਾਵਲੀ ਵਰਤਾਂਗੇ ਤਾਂ ਅਗਲਾ ਭੇਜੂਗਾ ਹੀ। ਇਸ ਗਾਣੇ ਦਾ ਕੀ ਮਤਲਬ ਹੈ? ਇਹ ਗਾਣਾ ਕੋਈ ਸ਼ੋਭਾ ਦਿੰਦਾ ਹੈ। "ਜੱਟਾਂ ਦੇ ਪੁੱਤਾਂ ਨੂੰ ਰੋਕ ਸਕੇ ਨਾ ਟਰੰਪ" ਤੁਸੀਂ ਅਗਲੇ ਦੇ ਘਰ ਜ਼ਬਰਦਸਤੀ ਵੜੋ ਤੇ ਕਹੋ ਕਿ ਤੂੰ ਰੋਕ ਨਹੀਂ ਸਕਦਾ, ਫਿਰ ਤਾਂ ਅਗਲਾ ਜੁੱਤੀਆਂ ਮਾਰੂਗਾ ਹੀ। ਜਿਹੜਾ ਇਹ ਗੀਤ ਜਿਸ ਨੇ ਵੀ ਲਿਖਿਆ ਤੇ ਗਾਇਆ ਹੈ ਉਸ ਸਭ ਤੋਂ ਵੱਡੀ ਗਲਤੀ ਕੀਤੀ ਹੈ। ਇਹ ਗੀਤ ਟਰੰਪ ਨੂੰ ਚੈਲੇਂਜ ਹੈ। ਉਹ ਵੀ ਸੰਯੁਕਤ ਰਾਸ਼ਟਰ ਦੇ ਪ੍ਰੈਜੀਡੈਂਟ ਨੂੰ। ਫੁਕਰਿਓ ਤੁਹਾਡੀ ਔਕਾਤ ਹੈ ਤੁਸੀਂ ਅਮਰੀਕਾ ਦੇ ਰਾਸ਼ਟਰਪਤੀ ਨੂੰ ਚੈਲੇਂਜ ਕਰੋ ! ਜਾਂਦੀ ਤਾਂ ਉਥੇ ਹਰ ਕਮਿਉਨਟੀ ਹੈ। ਪਰ ਨਲਾਇਕ ਗੀਤਕਾਰਾਂ ਤੇ ਗਾਇਕਾਂ ਨੇ ਪੰਜਾਬੀਆਂ ਨੂੰ ਬਦਨਾਮ ਕਰ ਦਿੱਤਾ। ਗੁਜਰਾਤੀ ਤੇ ਸਾਊਥ ਇੰਡੀਅਨ ਜ਼ਿਆਦਾ ਜਾਂਦੇ ਹਨ ਪਰ ਬਦਨਾਮ ਪੰਜਾਬੀ ਹੋ ਗਏ। ਟਰੰਪ ਨੂੰ ਉਸ ਦੇ ਵਜ਼ੀਰਾਂ ਨੇ ਇਹ ਗਾਣਾ ਟਰਾਂਸਲੇਟ ਕਰ ਕੇ ਸੁਣਾ ਦਿੱਤਾ "ਜੱਟਾਂ ਦੇ ਪੁੱਤਾਂ ਨੂੰ ਰੋਕ ਸਕੇ ਨਾ ਟਰੰਪ"। ਅਗਲੇ ਨੇ ਫਿਰ ਰੋਕ ਕੇ ਵਿਖਾ ਦਿੱਤਾ।

ਹੁਣ ਡਿਪੋਰਟ ਹੋਏ ਲੋਕ ਕਹਿ ਰਹੇ ਆ ਅਸੀਂ ਲੱਖਾਂ ਰੁਪਏ ਦੇ ਕੇ ਅਮਰੀਕਾ ਗਏ ਹਾਂ। ਲੱਖਾਂ, ਕਰੋੜਾਂ ਰੁਪਏ ਤੁਸੀਂ ਏਜੰਟਾਂ ਨੂੰ ਦਿੱਤੇ ਹਨ ਨਾ ਕਿ ਅਮਰੀਕਾ ਕੰਟਰੀ ਨੂੰ ! ਤੁਸੀਂ ਲੱਖਾਂ, ਕਰੋੜਾਂ ਰੁਪਏ ਏਜੈਂਟਾਂ ਨੂੰ ਦੇ ਕੇ ਗਲਤ ਤਰੀਕੇ ਨਾਲ ਗਏ ਇਸ ਵਿੱਚ ਅਮਰੀਕਾ ਜਾਂ ਟਰੰਪ ਦਾ ਕੀ ਕਸੂਰ? ਇਸ ਵਿੱਚ ਏਜੰਟਾਂ ਦਾ ਵੀ ਕੀ ਕਸੂਰ ! ਏਜੰਟਾਂ ਨੇ ਕੁਮੈਟਮੈਂਟ ਕੀਤੀ ਸੀ ਤੁਹਾਨੂੰ ਅਮਰੀਕਾ ਪਹੁੰਚਾਉਣ ਦੀ, ਉਹ ਉਨ੍ਹਾਂ ਨੇ ਪੂਰੀ ਕਰ ਦਿੱਤੀ। ਤੁਸੀਂ ਅਮਰੀਕਾ ਪਹੁੰਚ ਗਏ, ਬਾਅਦ ਵਿੱਚ ਜੇ ਟਰੰਪ ਨੇ ਤੁਹਾਨੂੰ ਡਿਪੋਰਟ ਕਰ ਦਿੱਤਾ ਇਸ ਵਿੱਚ ਏਜੰਟਾਂ ਦਾ ਕੀ ਕਸੂਰ? ਏਜੈਂਟ ਨੇ ਉਹ ਪੈਸਾ ਅਮਰੀਕਾ ਪਹੁੰਚਾਉਣ ਦਾ ਲਿਆ ਸੀ ਅਗਲੇ ਨੇ ਜਿੱਦਾਂ ਕਿੱਦਾ ਪਹੁੰਚਾ ਦਿੱਤਾ। ਏਜੰਟ ਦਾ ਤਾਂ ਕੰਮ ਖਤਮ ਹੋ ਗਿਆ। ਕਿਹੜਾ ਏਜੰਟ 50 ਲੱਖ ਵਾਪਸ ਕਰ ਦੇਵੇਗਾ। ਉਹ ਨਾ ਪਹੁੰਚੇ ਹੋਏ ਦੇ ਪੈਸੇ ਵਾਪਸ ਨਹੀਂ ਕਰਦੇ, ਜਿਹੜੇ ਰਸਤੇ 'ਚ ਮੁੱਕ ਜਾਂਦੇ ਹਨ ਉਹਨਾਂ ਦੇ ਪੈਸੇ ਵਾਪਸ ਨਹੀਂ ਕਰਦੇ। ਇਹ ਤਾਂ ਅਮਰੀਕਾ ਪਹੁੰਚ ਵੀ ਗਏ ਸਨ। ਇਹ ਹੁਣ ਵੱਖਰੀ ਗੱਲ ਆ ਟਰੰਪ ਨੇ ਦੁਬਾਰਾ ਇੰਡੀਆ ਤੋਰ ਦਿੱਤੇ। ਸ਼ੁਕਰ ਕਰੋ ਟਰੰਪ ਨੇ ਟਿਕਟ ਦੇ ਪੈਸੇ ਨਹੀਂ ਲਏ। ਫਰੀ ਵਿੱਚ ਵਾਪਿਸ ਭੇਜਿਆ ਉਹ ਵੀ ਸਹੀ ਸਲਾਮਤ। ਜੇਕਰ ਪਾਕਿਸਤਾਨ ਜਾਂ ਇਦਾ ਦੇ ਕਿਸੇ ਹੋਰ ਦੇਸ਼ ਦੇ ਹੱਥ ਚੜ੍ਹ ਜਾਦੇ ਤਾਂ ਉਨ੍ਹਾਂ ਨੇ ਹੁਣ ਤਾ ਘੁਸਪੈਠੀਏ ਕਹਿ ਕੇ ਗੋਲੀ ਮਾਰ ਦੇਣੀ ਸੀ।

ਪੰਜਾਬੀ ਤਾਂ ਜਹਾਜ ਦੇ ਟਾਇਰਾਂ ਨਾਲ ਲਮਕ ਕੇ ਜਾਣ ਤੋਂ ਵੀ ਨਹੀਂ ਟਲਦੇ। ਅੱਜ ਤੋਂ ਕਈ ਸਾਲ ਪਹਿਲਾਂ ਮਾਲਟਾ ਕਾਂਡ ਹੋਇਆ ਸੀ ਜਿਸ ਵਿੱਚ ਸਵਾਰ 400 ਪੰਜਾਬੀ ਮਰ ਗਿਆ ਸੀ। ਅਸੀਂ ਅਜਿਹੀਆਂ ਘਟਨਾਵਾਂ ਤੋਂ ਕਦੀ ਵੀ ਸਬਕ ਨਹੀਂ ਲਿਆ। ਹੁਣ ਕੁੱਝ ਲੋਕ ਕਹਿ ਰਹੇ ਹਨ ਕਿ ਟਰੰਪ ਨੇ ਗਲਤ ਕੀਤਾ। ਤੁਹਾਨੂੰ ਕਿਸ ਨੇ ਕਿਹਾ ਕਿ ਤੁਸੀਂ 30 ਲੱਖ 40 ਲੱਖ ਰੁਪਏ ਲਾ ਦੇ ਕੇ ਗਲਤ ਤਰੀਕੇ ਨਾਲ ਬਾਹਰ ਜਾਉ। ਜੇ ਤੁਹਾਡੇ ਕੋਲ 30-40 ਲੱਖ ਰੁਪਏ ਹੈਗਾ ਤਾਂ ਇਥੇ ਕੋਈ ਕਾਰੋਬਾਰ ਕਰ ਲਵੋ। ਕਿਉਂ ਗਲਤ ਤਰੀਕੇ ਨਾਲ ਬਾਹਰ ਜਾਣ ਲਾਈ ਆਪਣੀ ਜਾਨ ਖ਼ਤਰੇ ਵਿੱਚ ਪਾ ਰਹੇ ਹੋ। ਗਲਤ ਤਰੀਕੇ ਨਾਲ ਬਾਹਰ ਜਾਣਾ ਜਿਸ ਨੂੰ 'ਡੋਂਕੀ ਲਾਉਣਾ' ਕਹਿੰਦੇ ਹਨ। ਡੋਂਕੀ ਲਾਉਦੇ ਸਮੇਂ ਕੁਝ ਹੋ ਜਾਵੇ ਤਾਂ ਕੌਣ ਜ਼ਿੰਮੇਵਾਰ ਹੁੰਦਾ ਹੈ? ਤੁਹਾਨੂੰ ਆਈਡੀਆ ਹੈ ਕਿ ਡੋਂਕੀ ਕਿੱਦਾਂ ਲਵਾਉਂਦੇ ਹਨ। ਕਈ ਵੀਡੀਓ ਵਾਇਰਲ ਹੋਈਆਂ ਹਨ ਜਿਨ੍ਹਾਂ ਵਿੱਚ ਸਾਫ ਦਿੱਖ ਰਿਹਾ ਹੈ ਕਿ ਡੌਂਕੀ ਲਗਾਉਣ ਲਈ ਜੰਗਲਾਂ ਵਿੱਚੋ ਦੀ ਜਾਣਾ ਪੈਂਦਾ ਹੈ, ਕਈ ਕਈ ਦਿਨ ਭੁੱਖੇ ਵੀ ਰਹਿਣਾ ਪੈਂਦਾ ਹੈ। ਜੇਕਰ ਥਕਾਨ ਤੇ ਭੁੱਖ ਕਾਰਨ ਤੁਹਾਡੇ ਕੋਲੋ ਨਹੀਂ ਤੁਰਿਆ ਜਾਂਦਾ ਤਾਂ ਤੁਹਾਡੇ ਏਜੰਟ ਜੋ ਡੌਂਕੀ ਲਵਾ ਰਹੇ ਹਨ, ਉਹ ਤੁਹਾਨੂੰ ਗੋਲੀ ਵੀ ਮਾਰ ਦਿੰਦੇ ਹਨ ਕਿਉਕਿ ਉਨ੍ਹਾਂ ਨੇ ਅਗਲੇ ਬੰਦਿਆਂ ਨੂੰ ਵੀ ਲੈ ਕੇ ਜਾਣਾ ਹੁੰਦਾਂ ਹੈ। ਚਲੋ ਜੇ ਤੁਸੀਂ ਉੱਥੇ ਕਿਤੇ ਬਚ ਗਏ ਤੁਸੀਂ ਡੌਂਕੀ ਲਗਾ ਕੇ ਮੈਕਸੀਕੋ ਤੱਕ ਪਹੁੰਚ ਗਏ ਉਸ ਤੋਂ ਬਾਅਦ ਉਹ ਜਿਹੜੀ ਕੰਧ ਹੈ। (ਲੋਕੀ ਕਹਿੰਦੇ ਆਪਾਂ ਤਾਂ ਦੇਖੀ ਨਹੀਂ) ਉਹ ਕੰਧ ਟੱਪਣੀ ਬੜੀ ਔਖੀ ਹੈ। ਉੱਥੇ ਵੀ ਮਿਲਟਰੀ ਦਾ ਪਹਿਰਾ ਹੈ। ਉਥੇ ਉਹ ਨਿਕਲਣ ਤੋਂ ਬਾਅਦ ਬੱਚਿਆਂ ਨੂੰ ਫਰੀਜ਼ਰਾਂ ਦੇ ਵਿੱਚ ਲਗਾ ਕੇ ਲੈ ਕੇ ਅੱਗੇ ਲੈ ਜਾਂਦੇ ਹਨ। ਟਰੱਕਾਂ ਦੀਆਂ ਸੀਟਾਂ ਦੇ ਵਿੱਚ ਲੰਮੇ ਪਾ ਕੇ ਲੈ ਕੇ ਜਾਂਦੇ ਹਨ। ਥੱਲੇ ਕਈਆਂ ਦੇ ਸਾਹ ਘੁੱਟਣ ਨਾਲ ਮੌਤ ਹੋ ਜਾਂਦੀ ਹੈ, ਕਈਆਂ ਦੀ ਫਰੀਜ਼ਰ ਦੇ ਵਿੱਚ ਜ਼ਿਆਦਾ ਟੈਂਪਰੇਚਰ ਕਰਕੇ ਮੌਤ ਹੋ ਜਾਂਦੀ ਹੈ। ਕੋਈ ਕਿਸਮਤ ਵਾਲਾ ਬੰਦਾ ਉਥੇ ਪਹੁੰਚ ਵੀ ਗਿਆ ਤਾਂ ਉਸ ਦੀ ਜ਼ਿੰਦਗੀ ਅਗਲੇ 10 ਸਾਲ, 15 ਸਾਲ ਬਹੁਤ ਹੀ ਜ਼ਿਆਦਾ ਮੁਸ਼ਕਲ ਵਾਲੇ ਹੋਣਗੇ। ਕਿਉਂਕਿ ਉਸ ਨੂੰ ਜਾਂਦੇ ਹੀ ਤਾਂ ਵਰਕ ਪਰਮਿਟ ਜਾਂ ਪੀ.ਆਰ. ਮਿਲ ਨਹੀਂ ਜਾਣੀ। ਪਹਿਲਾ ਕਈ ਸਾਲ ਚੋਰੀ ਛੁਪੇ ਕੰਮ ਕਰੇਗਾ, ਫਿਰ ਵਕੀਲਾਂ ਨੂੰ ਮੋਟੀਆ ਰਕਮਾ (ਪੈਸੇ) ਦੇ ਕੇ ਕੋਈ ਕੇਸ ਅਪਲਾਈ ਕਰੇਗਾ। ਵਕੀਲਾਂ ਨੂੰ ਪੈਸੇ ਕੇ ਸਾਈਲਮ ਪਵਾਏਗਾ। ਸਾਈਲਮ ਤੋਂ ਆਏਗਾ ਫਿਰ ਉਸ ਤੋਂ ਬਾਅਦ ਉਹਦਾ ਕੇਸ ਕੋਰਟ ਦੇ ਵਿੱਚ ਚੱਲੇਗਾ। ਕਈ ਸਾਲ ਇਸੇ ਤਰ੍ਹਾਂ ਨਿਕਲ ਜਾਣਗੇ ਉਹ ਵਾਪਿਸ ਵੀ ਨਹੀਂ ਆ ਸਕੇਗਾ। 20-25 ਸਾਲ ਦਾ ਨੌਜਵਾਨ 40-45 ਸਾਲ ਬਾਅਦ ਸੈਟ ਹੋ ਵੀ ਗਿਆ ਤਾਂ ਉਸ ਦੀ ਲਾਈਫ ਤਾਂ ਨਿਕਲ ਗਈ। ਉਸ ਤੋਂ ਬਾਅਦ ਮੈਰਿਜ ਦੀ ਲਾਈਫ ਨਹੀਂ ਰਹਿਣੀ।

(ਬਾਕੀ ਸਫ਼ਾ 4 'ਤੇ)

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 | Year 9 | Edition 12 | Issue Date 10-03-2025

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ (ਪ੍ਰਿੰਟਿੰਗ ਵਿਭਾਗ) : ਸੁਖਜੀਤ ਸਿੰਘ ਵਾਲੀਆ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਵਿਸ਼ੇਸ਼ ਪ੍ਰਤੀਨਿਧ ਕੈਨੇਡਾ : ਗੁਰਸੇਵਕ ਸਿੰਘ ਪੁਰਬਾ
ਫੋਟੋਗ੍ਰਾਫ਼ਰ/ਕੈਮਰਾਮੈਨ (ਵਲੰਟੀਅਰ) :
ਉਮੰਗਦੀਪ ਕੌਰ ਪੁਰਬਾ, ਏਕਮਜੋਤ ਸਿੰਘ ਪੁਰਬਾ
ਸਟਾਫ਼ ਪ੍ਰੈਸ ਫੋਟੋਗ੍ਰਾਫਰ : ਮਨਮੋਹਨ ਸਿੰਘ ਚੀਮਾ




## ਸਾਡੇ ਮਾਣਯੋਗ ਵਿਸ਼ੇਸ਼ ਪੱਤਰਕਾਰ ਪ੍ਰਤੀਨਿਧ !

ਰਾਜਵਿੰਦਰ ਰੌਂਤਾ (ਨਿਹਾਲ ਸਿੰਘ ਵਾਲਾ)
ਰਜਿੰਦਰ ਸਿੰਘ ਕੋਟਲਾ (ਬਾਘਾ ਪੁਰਾਣਾ)
ਹਰਜਿੰਦਰ ਸਿੰਘ ਬੱਡੂਵਾਲੀਆਂ (ਧਾਰਮਿਕ ਪ੍ਰਤੀਨਿਧ)
ਡਾ. ਜਗਤਾਰ ਸਿੰਘ ਪਰਮਿਲ (ਨਾਹਲ ਖੋਟੇ)
ਰਾਜਿੰਦਰ ਖੋਸਾ (ਤਾਰੇਵਾਲਾ)
ਕੁਲਦੀਪ ਸਿੰਘ ਸੈਂਭੀ
ਹਰਪ੍ਰੀਤ ਸਿੰਘ ਹੈਪੀ ਦੋਸਾਂਝ (ਧਰਮਕੋਟ)
ਜਸਵਿੰਦਰ ਕੌਰ ਜੱਸੀ (ਜਲੰਧਰ)
ਹਰਜੀਤ ਕੌਰ ਗਿੱਲ (ਜਲੰਧਰ)
ਸ਼ਵਿੰਦਰ ਸਿੰਘ ਗਿੱਲ ਤਾਰੇਵਾਲਾ (ਨਵਾਂ ਮੋਗਾ)
ਕੁਲਵਿੰਦਰ ਸਿੰਘ ਰਾਮੂੰਵਾਲਾ
ਦਰਸ਼ੀ ਭੱਟੀਵਾਲ (ਲਿਵਲਾਨ) ਫ਼ਿਲਮੀ ਪ੍ਰਤੀਨਿਧ
ਮਹਿੰਦਰ ਸਿੰਘ ਮੇਹਨਤੀ
ਵਿਸ਼ਾਲ ਸਿੰਘ (ਸ਼੍ਰੀ ਅੰਮ੍ਰਿਤਸਰ ਸਾਹਿਬ)
ਡਾ. ਸਰਬਜੀਤ ਕੌਰ ਬਰਾੜ (ਸਾਹਿਤਕ ਪ੍ਰਤੀਨਿਧ)
ਬਲਦੇਵ ਸਿੰਘ ਆਜ਼ਾਦ (ਦੌਧਰ)
ਸੁਖਜੀਤ ਕੌਰ ਸਾਰੋ (ਕੈਨੇਡਾ)
ਕਰਮਜੀਤ ਸਿੰਘ ਭਲੂਰ
ਮਨਿੰਦਰ ਮੋਗਾ (ਇੰਚਾਰਜ : ਵੈੱਬ ਟੀ.ਵੀ.)
ਸਿਮਰਜੀਤ ਸਿੰਘ ਲਾਹੌਰੀਆ
(ਇੰਚਾਰਜ/ਟੈਕਨੀਕਲ : ਆਨਲਾਇਨ ਅਖ਼ਬਾਰ)

**ਰਜਿਸਟਰ ਆਫ਼ਿਸ**
ਬਸਤੀ ਗੋਬਿੰਦਗੜ੍ਹ, 1195,
ਅਜੀਤ ਨਗਰ ਮੋਗਾ (ਪੰਜਾਬ)
**ਪ੍ਰੈੱਸ ਆਫ਼ਿਸ**
ਅੱਡਾ ਹੁਸ਼ਿਆਰਪੁਰ ਚੌਂਕ, ਮਾਈ ਹੀਰਾ ਗੇਟ
ਜਲੰਧਰ (ਪੰਜਾਬ)
ਸੰਪਰਕ
Office : 01636-501620
Help Line : 9988-92-9988
Website : www.mehakwatandilive.com
E-mail : mehakwattandi@rediffmail.com
mehakwatandilive.tv@gmail.com
Facebook : Mehak Watan Di Live
Youtube : Mehak Watan Di Live
Instagram : mehakwatandilive
Twiter : mehakwatandilive

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਟਾਇਪ ਕਰਕੇ ਮੈਗਜ਼ੀਨ ਦੀ ਈ-ਮੇਲ ਜਾਂ ਵਟਸਐਪ ਨੰਬਰ 'ਤੇ ਭੇਜੀਆਂ ਜਾਣ ਜੀ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਡਿਜ਼ਾਇਨਿੰਗ :
**Walia Enterprises**
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।

(ਸਫ਼ਾ 3 ਦੀ ਬਾਕੀ)

ਡਿਪੋਰਟ ਕੀਤੇ ਗਏ ਭਾਰਤੀ ਲੋਕਾਂ ਦਾ ਅੰਮ੍ਰਿਤਸਰ ਵਿਖੇ ਉਤਰੇ ਜਹਾਜ ਦਾ ਬੜਾ ਜ਼ਿਕਰ ਆ ਕਿ ਹੱਥ ਕੜੀਆਂ ਲਾ ਕੇ ਮਿਲਟਰੀ ਜਹਾਜ ਤੇ ਵਾਪਸ ਕਰਕੇ ਗਏ ਆ। ਪਰ ਬਈ ਓਹ ਗਏ ਕਿਹੜੇ ਸੇਰੇ ਲਾ ਕੇ ਸੀ। ਜੰਗਲਾ ਵਿੱਚ 100 ਕਿਲੋਮੀਟਰ ਤੋਂ ਜ਼ਿਆਦਾ ਪੈਦਲ ਤੁਰ ਕੇ ਪਣਾਮਾ ਦੇ ਜੰਗਲਾਂ ਵਿਚ ਹੱਡੀਆਂ, ਕੰਕਰਾਂ ਤੇ ਪੈਰ ਰੱਖ ਕੇ ਪਹਾੜੀਆਂ ਨੂੰ ਟੱਪ ਕੇ ਕਈ ਦਿਨਾਂ ਬਾਅਦ ਅਮਰੀਕਾ ਵਿੱਚ ਵੜੇ ਸੀ ਉਹਨਾਂ ਦੀ ਕੰਧ ਟੱਪ ਕੇ। ਜਿਸ ਕਿਸੇ ਨੇ ਕਿਸੇ ਦੇ ਘਰ ਦੀ ਕੰਧ ਟੱਪੀ ਹੋਵੇ ਉਹ ਤਾਂ ਫਿਰ ਇਦਾਂ ਦਾ ਸਲੂਕ ਕਰੇਗਾ ਹੀ। ਸਾਡੇ ਕਸੂਰ ਵੀ ਬਥੇਰੇ ਹਨ। ਕੰਧ ਤਾਂ ਟੱਪੀ ਹੀ ਸੀ ਫਿਰ ਉਥੇ ਵੀਡੀਓ ਵੀ ਬਣਾਈ। ਏਜੰਟ ਦਾ ਨਾਂ ਲਿਆ ਤੇ ਫਲਾਣੇ ਦੀ ਗੇਮ ਆ ਅਤੇ ਅਸੀਂ ਇਨ੍ਹੇ ਜੱਦੋ ਜਹਿਦ (ਸਟਰਗਲ) ਨਾਲ ਅਮਰੀਕਾ ਪਹੁੰਚੇ। ਤੁਹਾਨੂੰ ਕੀ ਲੱਗਦਾ ਤੁਹਾਡੀਆਂ ਫੁਕਰੀਆਂ ਦੀਆਂ ਵੀਡੀਓ ਟਰੰਪ ਤੱਕ ਨਹੀਂ ਪਹੁੰਚਦੀਆਂ। ਅਗਲੇ ਨੇ ਸਭ ਕੁੱਝ ਟਰੇਸ ਕਰ ਲਿਆ। ਪਰ ਸਮਝ ਨਹੀਂ ਆਉਦੀ ਕਿ ਜਿਹੜਾ ਬੰਦਾ 50 ਲੱਖ ਲਾ ਕੇ ਅਮਰੀਕਾ ਜਾ ਰਿਹਾ ਉਸ ਨੂੰ

ਅਮਰੀਕਾ ਜਾਣ ਦੀ ਲੋੜ ਕੀ ਹੈ। ਉਸ ਦੇ ਇਹ 50 ਲੱਖ ਕਦੋਂ ਪੂਰੇ ਹੋਣਗੇ। ਫਿਰ ਰਿਸਕ ਇਨ੍ਹਾਂ ਵੱਡਾ, ਜਾਨ ਦੀ ਜਮ੍ਹਾਂ ਵੀ ਪਰਵਾਹ ਹੀ ਨਹੀਂ। ਫੜੇ ਗਏ ਜੇਲ ਵਿੱਚ ਜਾਓਗੇ, ਮਾਰੇ ਗਏ ਤਾਂ ਰਸਤੇ ਵਿੱਚ ਹੀ ਖੱਪ ਜਾਓਗੇ। ਤੁਸੀਂ 50 ਲੱਖ ਦੇ ਵਿੱਚ ਇਥੇ ਕੀ ਕੁਝ ਨਹੀਂ ਕਰ ਸਕਦੇ। ਕਿੱਡਾ ਵੱਡਾ ਬਿਜ਼ਨਸ ਖੜਾ ਕਰ ਸਕਦੇ ਹੋ ਪਰ ਸਾਡੇ ਕੀੜਾ ਹੈ ਬਾਹਰ ਜਾਣ ਦਾ, ਉਹ ਕਿਵੇਂ ਨਿਕਲੇ। ਕਸੂਰਵਾਰ ਮਾਪੇ ਹਨ, ਕਸੂਰਵਾਰ ਹਨ ਜਾਣ ਵਾਲੇ। ਇੱਥੇ ਕਸੂਰਵਾਰ ਉਹ ਟਰੈਵਲ ਏਜੰਟ ਨਹੀਂ, ਟਰੈਵਲ ਏਜੰਟ ਘਰ-ਘਰ ਜਾ ਕੇ ਹੋਕੇ ਨਹੀਂ ਦਿੰਦੇ ਫਿਰਦੇ ਕਿ ਆਓ ਤੁਹਾਨੂੰ ਅਮਰੀਕਾ ਭੇਜੀਏ। ਤੁਸੀਂ ਟਰੈਵਲ ਏਜੰਟ ਨੂੰ ਲੱਭਦੇ ਆ ਫਿਰ ਤੁਰ ਕੇ, ਪੁੱਛ ਪਛਾ ਕਰਕੇ।

ਜਿਹੜੇ ਮਾਪੇ ਇਨਾ ਪੈਸਾ ਲਗਾ ਕੇ ਉਹਨਾਂ ਨੇ ਬੱਚਿਆਂ ਨੂੰ ਭੇਜ ਰਹੇ ਹਨ ਇਹ ਵੀ ਇੱਕ ਭੇਡਚਾਲ ਹੀ ਹੈ। ਜਿਨ੍ਹੇ ਪੈਸੇ ਲਗਾ ਜੇ ਸਟੱਡੀ ਬੇਸ ਤੇ ਲੋਕ ਕੈਨੇਡਾ, ਅਮਰੀਕਾ ਜਾਂ ਅਸਟ੍ਰੇਲੀਆ ਜਾ ਰਹੇ ਹਨ। ਉਨ੍ਹੇ ਰੁਪਏ ਨਾਲ ਭਾਰਤ ਵਿੱਚ ਜਿਹੜੀ ਮਰਜੀ ਉੱਚ ਵਿਦਿਆ ਲੈ ਲਵੋ। ਇਨ੍ਹੇ ਰੁਪਇਆਂ ਨਾਲ ਕੋਈ ਕਾਰੋਬਾਰ ਸ਼ੁਰੂ ਕਰ ਲਵੋਂ ਤੁਸੀ ਜੋਸ ਬਣ ਕੇ ਕੰਮ ਕਰੋਗੇ। ਜਿਹੜੇ ਬੱਚੇ ਆਈ-ਲੈਟਸ ਕਰ ਸਕਦੇ ਹਨ ਉਹ ਆਈ.ਪੀ.ਐਸ. ਜਾਂ ਪੀ.ਸੀ.ਐਸ, ਐਲ.ਐਲ.ਬੀ., ਲਾਅ ਵਗੈਰਾ ਵੀ ਅਸਾਨੀ ਨਾਲ ਕਰ ਸਕਦੇ ਹਨ। ਉਹ ਕਿਉਂ ਇਥੇ ਅਫਸਰ ਨਾ ਬਣ ਕੇ ਕੈਨੇਡਾ ਵਿੱਚ ਦਿਹਾੜੀਆਂ ਕਰਨ ਨੂੰ ਤਿਆਰ ਹਨ। ਬੱਸ ! ਇੱਕ ਭੇਡ-ਚਾਲ ਹੈ, ਵਿਦੇਸ਼ਾ ਦੀ ਦੂਰ ਬੈਠਿਆਂ ਨੂੰ ਦਿਸ ਰਹੀ ਚਮਕ ਦਮਕ ਹੈ। ਪੜ੍ਹੇ-ਲਿਖੇ ਮਾਪੇ ਵੀ ਆਪਣੇ ਬੱਚਿਆਂ ਨੂੰ ਸਮਝਾਉਣ ਦੀ ਬਜਾਏ ਉਨ੍ਹਾਂ ਨੂੰ ਜਲਦੀ-ਜਲਦੀ ਦੇਸ਼ ਨਿਕਾਲਾ ਦੇਣ ਨੂੰ ਤਿਆਰ ਹਨ। ਚੰਗੀਆਂ-ਭਲੀਆਂ ਵਧੀਆਂ ਨੌਕਰੀਆਂ ਛੱਡ ਕੇ ਬਾਹਰ ਨੂੰ ਭੱਜਣ ਲਈ ਤਿਆਰ ਹਨ। ਉਥੇ ਜਾਂ ਕੇ ਨਰਕ ਭਰੀ ਜ਼ਿੰਦਗੀ ਜਿਉਂਦੇ ਹਨ। ਪਰ ਇਥੇਂ ਗੱਲ ਸੁਣਨ ਨੂੰ ਤਿਆਰ ਨਹੀਂ। ਇਸ ਵਿਦੇਸ਼ੀ ਰੁਝਾਣ ਨੂੰ ਕਿੱਦਾ ਠੱਲ ਪਾਈ ਜਾ ਸਕਦੀ ਹੈ? ਕੌਣ ਪਾ ਸਕਦਾ ਹੈ ? ਲੋਕ ਪਾ ਸਕਦੇ ਹਨ ਜਾਂ ਸਰਕਾਰ ਪਾ ਸਕਦੀ ਹੈ? ਇਹ ਵੀ ਚਰਚਾ ਦਾ ਵਿਸ਼ਾ ਹੈ। ਇਹ ਤਾਂ ਤਾਹੀ ਹੋ ਸਕਦਾ ਹੈ ਜੇਕਰ ਸਾਡੀ ਪੰਜਾਬੀਆਂ ਦੀ ਸੋਚ ਬਦਲੇਗੀ। ਸਾਡੀ ਪੰਜਾਬੀਆਂ ਦੀ ਸੋਚ ਕਦੋਂ ਬਦਲੇਗੀ ? ਇਹ ਤਾਂ ਰੱਬ ਹੀ ਜਾਣੇ !

-ਭਵਨਦੀਪ ਸਿੰਘ ਪੁਰਬਾ
1195, ਅਜੀਤ ਨਗਰ ਮੋਗਾ (ਪੰਜਾਬ)
ਸੰਪਰਕ: 9988-92-9988

# ਆਓ ਆਪਣੀ ਮਾਤਰ ਭਾਸ਼ਾ ਪੰਜਾਬੀ ਨੂੰ ਪ੍ਰਫੁਲਤ ਕਰੀਏ !



ਬੀਤੇ ਦਿਨੀ ਮਤਾਰ ਭਾਸ਼ਾ ਦਿਵਸ ਲੰਘ ਕੇ ਗਿਆ ਹੈ। ਇਸ ਦਿਨ ਬਹੁੱਤ ਸੰਸਥਾਵਾ ਵੱਲੋਂ ਪੰਜਾਬੀ ਭਾਸ਼ਾ ਪ੍ਰਫੁਲਤ ਕਰਨ ਲਈ ਬਹੁਤ ਤਰ੍ਹਾਂ ਦੇ ਉਪਰਾਲੇ ਕਰਨ ਦੇ ਪ੍ਰੋਗਰਾਮ ਉਲੀਕੇ ਗਏ। ਪਰ ਇਨ੍ਹਾਂ ਵਿੱਚ ਅਸਲ ਘੱਟ ਤੇ ਵਿਖਾਵਾ ਜ਼ਿਆਦਾ ਹੁੰਦਾ ਹੈ। ਇਸ ਦਿਨ ਉੱਚੀ-ਉੱਚੀ ਨਾਅਰੇ ਲਾ ਕੇ ਪੰਜਾਬੀ ਦੀ ਜੈ-ਜੈ ਕਾਰ ਕਰਨ ਵਾਲੇ, ਹੱਥਾਂ ਵਿੱਚ ਤਖਤੀਆ ਫੜ ਕੇ ਪੰਜਾਬੀ ਲਾਗੂ ਕਰਨ ਦੀਆਂ ਕੂਕਾ ਮਾਰਦੇ ਕਈ ਪਤਵੰਤੇ ਰੁਟੀਨ ਵਿੱਚ ਆਪਣੇ ਸਾਈਨ ਅੰਗਰੇਜ਼ੀ ਵਿੱਚ ਕਰਦੇ ਹਨ। ਕਈ ਅਜਿਹੇ ਵਿਅਕਤੀ ਜਿਨ੍ਹਾਂ ਦਾ ਪੰਜਾਬੀ ਭਾਸ਼ਾ ਅਤੇ ਪੰਜਾਬੀ ਵਿਰਸੇ ਦੀ ਪ੍ਰਫੁਲਤਾ ਵਿੱਚ ਇੱਕ ਤੋਲਾ ਵੀ ਯੋਗਦਾਨ ਨਹੀਂ ਹੁੰਦਾਂ ਉਨ੍ਹਾਂ ਦਾ ਆਪਣੇ ਵੱਲੋਂ ਬਣਾਈਆਂ ਸੰਸਥਾਵਾ ਵੱਲੋਂ ਹੀ ਵਿਸ਼ੇਸ਼ ਤੌਰ ਤੇ ਸਨਮਾਨ ਕਰ ਦਿੱਤਾ ਜਾਦਾ ਹੈ। ਸਭ ਵਿਖਾਵਾ ਹੈ, ਸਭ ਡਰਾਮਾ ਹੈ।

ਆਪਣੀ ਮਾਤਰ ਭਾਸ਼ਾ ਤੋਂ ਇਲਾਵਾ ਹੋਰ ਭਾਸ਼ਾਵਾਂ ਸਿੱਖਣਾ ਗਲਤ ਗੱਲ ਨਹੀਂ ਹੈ ਪਰ ਹੋਰ ਭਾਸ਼ਾਵਾ ਨੂੰ ਸਿੱਖ ਕੇ ਆਪਣੀ ਮਾਤਰ ਭਾਸ਼ਾ ਨੂੰ ਅੱਖੋ ਪਰੋਖੋ ਕਰਨਾ ਆਪਣੀ ਮਾਂ ਨੂੰ ਵਿਸਾਰਨ ਵਾਂਗ ਹੈ। ਹੋਰ ਭਾਸ਼ਾਵਾ ਰਾਹੀਂ ਅਸੀਂ ਗੱਲ-ਬਾਤ ਤਾਂ ਚਾਹੇ ਕਰ ਲਈਏ ਪਰ ਕਿਸੇ ਦੇ ਦਿਲ ਤੇ ਛਾਪ ਨਹੀਂ ਛੱਡ ਸਕਦੇ। ਖੁੱਲ੍ਹ ਕੇ ਗੱਲ ਕਰਨ ਅਤੇ ਆਪਣੀਆਂ ਫੀਲਿੰਗ ਹਮੇਸ਼ਾ ਆਪਣੀ ਮਾਤਰ ਭਾਸ਼ਾ ਰਾਹੀਂ ਹੀ ਦਰਸਾਈਆ ਜਾ ਸਕਦੀਆਂ ਹਨ। ਅਸੀਂ ਆਪਣੇ ਦਿਲ ਦੀ ਆਵਾਜ਼ ਚੰਗੀ ਤਰ੍ਹਾਂ ਸਿਰਫ ਅਪਣੀ ਮਾਤਰ ਭਾਸ਼ਾ ਰਾਹੀਂ ਹੀ ਬਿਆਨ ਕਰ ਸਕਦੇ ਹਾਂ। ਕਿਸੇ ਨੇ ਕਿਹਾ ਹੈ ਕਿ ਮਨੁੱਖ ਚਾਹੇ ਜਿੰਨੀਆਂ ਮਰਜੀ ਭਾਸ਼ਾਵਾ ਸਿੱਖ ਲਵੇ ਪਰ ਉਹ ਗਾਲ ਹਮੇਸ਼ਾ ਆਪਣੀ ਮਾਤਰ ਭਾਸ਼ਾ ਵਿੱਚ ਹੀ ਕੱਢੇਗਾ।

ਆਪਣੀ ਮਾਤਰ ਭਾਸ਼ਾ ਨੂੰ ਪ੍ਰਫੁਲਤ ਕਰਨਾ ਸਾਡਾ ਫਰਜ਼ ਵੀ ਹੈ। ਸੋ ਆਓ ਆਪਣੀ ਮਾਤਰ ਭਾਸ਼ਾ ਪੰਜਾਬੀ ਨੂੰ ਪ੍ਰਫੁਲਤ ਕਰਨ ਲਈ ਕੁਝ ਉਪਰਾਲੇ ਕਰੀਏ। ਇਸ ਦੀ ਸ਼ੁਰੂਆਤ ਸਾਨੂੰ ਆਪ ਨੂੰ ਹੀ ਕਰਨੀ ਪੈਣੀ ਹੈ। ਪੰਜਾਬੀ ਭਾਸ਼ਾ ਦੀ ਪ੍ਰਫੁਲਤ ਲਈ ਸਭ ਤੋਂ ਪਹਿਲਾ ਇਹ ਜ਼ਰੂਰੀ ਹੈ ਕਿ ਜਿਥੇ ਵੀ ਹੋ ਸਕੇ ਅਸੀਂ ਪੰਜਾਬੀ ਹੀ ਲਿਖੀਏ ਤੇ ਬੋਲੀਏ। ਪੰਜਾਬ ਵਿੱਚ ਕੁੱਝ ਸਮੇਂ ਬਾਅਦ ਹੀ ਕੋਈ ਨਾ ਕੋਈ ਤਿਉਹਾਰ ਆਇਆ ਰਹਿੰਦਾ ਹੈ ਆਪਣੇ ਸਕੇ-ਸਬੰਧੀਆਂ, ਭੈਣ-ਭਰਾਵਾਂ ਅਤੇ ਦੋਸਤਾਂ ਮਿੱਤਰਾਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਪੰਜਾਬੀ ਵਿੱਚ ਲਿਖ ਕੇ ਭੇਜੀਆ ਜਾਣ। ਜੇਕਰ ਅੰਗਰੇਜ਼ੀ ਜਾਂ ਕਿਸੇ ਹੋਰ ਭਾਸ਼ਾ ਵਿੱਚ ਵਧਾਈ, ਸ਼ੁਭਕਾਮਨਾਵਾਂ ਅਤੇ ਹੋਰ ਵਧੀਆਂ ਸਮੱਗਰੀ ਮਿਲਦੀ ਹੈ ਤੇ ਉਸ ਦੇ ਨਾਲ ਪੰਜਾਬੀ ਦੇ ਚਾਰ ਸ਼ਬਦ ਜ਼ਰੂਰ ਪਾ ਦੇਈਏ ਤਾਂ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਵਿੱਚ ਬਹੁੱਤ ਵੱਡਾ ਹਿੱਸਾ ਪੈ ਸਕਦਾ ਹੈ।

ਰੋਜ਼ਾਨਾ ਭੇਜੇ ਜਾਣ ਵਾਲੇ ਗੁੱਡ ਮਾਰਨਿੰਗ, ਗੁੱਡ ਨਾਈਟ ਆਦਿ ਦੇ ਪਿਕਚਰ ਮੈਸਿਜ ਤੇ ਨਾਲ ਪੰਜਾਬੀ ਵਿੱਚ ਸ਼ੁੱਭ ਸਵੇਰਾ, ਸੁਭਾ ਦੀ ਸਤਿ ਸ੍ਰੀ ਅਕਾਲ ਜੋ ਵੀ ਸ਼ਬਦ ਢੁਕਵਾਂ ਲੱਗੇ ਉਹ ਪਾ ਦੇਈਏ। ਇਸ ਦੀ ਸ਼ੁਰੂਆਤ ਲਈ ਅਸੀਂ ਮਹਿਕ ਵਤਨ ਦੀ ਲਾਈਵ ਬਿਓਰੋ ਵੱਲੋਂ ਗੁੱਡ ਮਾਰਨਿੰਗ ਦੇ ਪੂਰੇ ਸਾਲ ਦੇ ਮੈਸਿਜ ਪੰਜਾਬੀ ਵਿੱਚ ਸ਼ੁੱਭ ਸਵੇਰਾ, ਸੁਭਾ ਦੀ ਸਤਿ ਸ੍ਰੀ ਅਕਾਲ ਆਦਿ ਲਿਖ ਕੇ ਉਸ ਦੇ ਨਾਲ ਪੰਜਾਬੀ ਵਿਰਸੇ ਦੀ ਫੋਟੋ ਲਗਾ ਕੇ ਸਾਰੇ ਸਾਲ ਦੀਆਂ ਤਾਰੀਖਾਂ ਦੇ ਪੰਜਾਬੀ ਵਿੱਚ ਬਣਾਈਆ ਹਨ। ਅੰਗਰੇਜ਼ੀ ਵਿੱਚ ਵੀ ਗੁੱਡ ਮਾਰਨਿੰਗ ਲਿਖਿਆ ਹੈ ਤਾਂ ਜੋ ਘੱਟ ਪੰਜਾਬੀ ਪੜ੍ਹੇ ਸਾਡੇ ਵਿਦੇਸ਼ਾ ਦੇ ਬੱਚਿਆਂ ਨੂੰ ਵੀ ਪਤਾ ਲੱਗੇ ਕਿ ਗੁੱਡ ਮਾਰਨਿੰਗ ਪੰਜਾਬੀ ਵਿੱਚ ਕਿਸ ਤਰ੍ਹਾਂ ਹੁੰਦਾ ਹੈ ਇਸ ਮਕਸਦ ਨਾਲ ਗੁੱਡ ਮਾਰਨਿੰਗ ਦੇ ਪੰਜਾਬੀ ਮੈਸੇਜ ਅਤੇ ਨਾਲ ਹੀ ਪੰਜਾਬੀ ਵਿਰਸੇ ਨਾਲ ਸਬੰਧਤ ਤਸਵੀਰਾ ਲਗਾ ਕੇ 365 ਦਿਨਾਂ ਦੀਆਂ ਪੋਸਟਾ ਤਿਆਰ ਕੀਤੀਆ ਹਨ ਅਤੇ ਸਾਰਿਆ ਮਹੀਨਿਆਂ ਦੀਆਂ ਮੱਸਿਆ, ਪੁੰਨਿਆ, ਸੰਗਰਾਂਦ ਅਤੇ ਹਰ ਦਿਨ-ਤਿਉਹਾਰ ਦੇ ਮੈਸਿਜ ਅੰਗਰੇਜ਼ੀ ਦੇ ਨਾਲ ਪੰਜਾਬੀ ਵਿੱਚ ਵੀ ਲਿੱਖ ਕੇ ਸਾਰੇ ਸਾਲ ਦੀਆਂ ਪੋਸਟਾ ਤਿਆਰ ਕੀਤੀਆ ਹਨ। ਮੈਂ ਇਨ੍ਹਾ ਵਿੱਚ ਸਿਰਫ ਪੰਜਾਬੀ ਲਿਖਣ ਦੀ ਵਜਾਏ ਅੰਗਰੇਜ਼ੀ ਇਸ ਲਈ ਲਿਖ ਰਿਹਾ ਹਾਂ ਕਿ ਅੰਗਰੇਜ਼ੀ ਭਾਸ਼ਾ ਜਾਨਣ ਵਾਲੇ ਜ਼ਿਆਦਾ ਲੋਕ ਹਨ। ਸਾਡੇ ਹੀ ਬਹੁਤ ਸਾਰੇ ਵਿਦੇਸ਼ੀ ਭੈਣ ਭਰਾ ਅਤੇ ਦੋਸਤ ਮਿੱਤਰ ਜਿਹੜੇ ਥੋੜ੍ਹੀ ਬਹੁਤੀ ਪੰਜਾਬੀ ਜਾਣਦੇ ਹਨ ਜਦ ਉਨ੍ਹਾ ਤੱਕ ਇਨ੍ਹਾ ਦੋਭਾਸ਼ੀ ਮੈਸਿਜ ਪਹੁੰਚਣਗੇ ਤਾਂ ਉਹ ਵੀ ਪੰਜਾਬੀ ਬਾਰੇ ਕੁੱਝ ਜਾਣਕਾਰ ਹੋਣਗੇ।




'ਮਹਿਕ ਵਤਨ ਦੀ ਲਾਈਵ' ਬਿਓਰੋ ਇਸ ਕਾਰਜ ਵਿੱਚ ਆਪ ਜੀ ਦਾ ਸਹਿਯੋਗ ਦੇਵੇਗੀ। ਜੇਕਰ ਕੋਈ ਮੈਸਿਜ ਵਧਾਈ, ਸ਼ੁਭਕਾਮਨਾ ਜਾਂ ਹੋਰ ਵਧੀਆਂ ਸਮੱਗਰੀ ਜਿਸ ਨੂੰ ਤੁਸੀਂ ਪੰਜਾਬੀ ਵਿੱਚ ਲਿਖਣਾ ਚਾਹੁੰਦੇ ਹੋ ਪਰ ਤੁਸੀਂ ਕਿਸੇ ਕਾਰਨ ਨਹੀਂ ਲਿਖ ਸਕਦੇ, ਤੁਹਾਡੇ ਕੋਲ ਪੰਜਾਬੀ ਟਾਈਪ ਕਰਨ ਦਾ ਕੋਈ ਜਰੀਆ (ਸੋਰਸ) ਨਹੀਂ ਹੈ ਜਾਂ ਫੋਟੋ ਐਡਿੰਟਿੰਗ ਕਰਨ ਦਾ ਕੋਈ ਜਰੀਆ (ਸੋਰਸ) ਨਹੀਂ ਹੈ ਤਾਂ ਸਾਡੇ ਨਾਲ ਸੰਪਰਕ ਕਰੋ ਅਸੀਂ ਇਹ ਸੇਵਾ ਤੁਹਾਨੂੰ ਮੁਫਤ ਵਿੱਚ ਦੇਵਾਂਗੇ।

ਸਮੂੰਹ ਇਲਾਕਾ ਨਿਵਾਸੀਆਂ ਨੂੰ
ਹੋਲੇ ਮੁਹੱਲੇ ਦੇ ਪਵਿੱਤਰ ਦਿਹਾੜੇ ਦੀਆਂ
ਲੱਖ-ਲੱਖ ਮੁਬਾਰਕਾਂ !




With best wishes from:
ਏਕਮ ਟਿਊਸ਼ਨ ਸੈਂਟਰ
CBSE / ICSE / Punjab School Edu. Board
EKAM Tution Center
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਮੀਡੀਅਮ
All Subject of Nursury to 8th Classes
Center: 1195, Ajit Nagar, Near Ghalan Walia Di Atta Chakki
Basti Gobindgarh, Moga -142 001 (Punjab)
Contact: 96460-21463, 98141-21463




# ਲੋਕਾਂ ਦੀਆਂ ਹੋਲੀਆਂ ਤੇ ਖਾਲਸੇ ਦਾ ਹੋਲਾ ਏ




ਹੋਲੀ ਅਤੇ ਹੋਲਾ ਮਹੱਲਾ ਪੰਜਾਬੀਆਂ ਦਾ ਖਾਸ ਤਿਉਹਾਰ ਹੈ। ਇਹ ਮੌਜ ਮਸਤੀ, ਸੱਭਿਆਚਾਰਕ ਅਤੇ ਧਾਰਮਿਕ ਤਿਉਹਾਰ ਹੈ। ਇਸ ਨੂੰ ਰੰਗਾਂ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ। ਹਿੰਦੂ ਭਾਈਚਾਰੇ ਵਿੱਚ 'ਹੋਲੀ' ਦੇ ਤਿਉਹਾਰ ਦੀ ਜ਼ਿਆਦਾ ਮਹੱਤਤਾ ਹੈ। ਪੰਜਾਬ ਤੋਂ ਇਲਾਵਾ ਦੂਜੇ ਪ੍ਰਾਂਤਾਂ ਵਿੱਚ ਹੋਲੀ ਜ਼ਿਆਦਾ ਧੂਮ-ਧਾਮ ਨਾਲ ਮਨਾਈ ਜਾਂਦੀ ਹੈ ਜਦਕਿ ਪੰਜਾਬ ਵਿੱਚ ਹੋਲਾ-ਮਹੱਲਾ ਜ਼ਿਆਦਾ ਮਹੱਤਤਾ ਰੱਖਦਾ ਹੈ। ਪੰਜਾਬ ਵਿੱਚ ਵੀ ਬੱਚੇ ਤਾਂ ਹੋਲੀ ਜ਼ਿਆਦਾ ਮਨਾਉਂਦੇ ਹਨ ਕਿਉਂਕਿ ਉਨ੍ਹਾਂ ਲਈ ਰੰਗਾਂ ਨਾਲ ਖੇਡਣ ਦਾ, ਮੌਜ ਮਸਤੀ ਕਰਨ ਦਾ ਜ਼ਿਆਦਾ ਮਹੱਤਵ ਹੁੰਦਾ ਹੈ।

ਸਿੱਖਾਂ ਲਈ ਹੋਲਾ ਮਹੱਲਾ ਖ਼ਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੈ। ਹੋਲਾ ਮਹੱਲਾ ਖ਼ਾਲਸਾ ਪੰਥ ਦੀ ਜਨਮ ਭੂਮੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬੜੀ ਸ਼ਰਧਾ ਧੂਮ-ਧਾਮ ਤੇ ਜੋੜ ਮੇਲੇ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਨਿਹੰਗ ਸਿੰਘ ਹਾਥੀਆਂ, ਘੋੜਿਆਂ, ਊਠਾਂ ਅਤੇ ਆਪਣੇ-ਆਪਣੇ ਵਾਹਣਾ ਨਾਲ ਮਹੱਲਾ ਕੱਢਦੇ ਹਨ। ਸਮੁੱਚਾ ਸ਼੍ਰੀ ਅਨੰਦਪੁਰ ਸਾਹਿਬ ਖ਼ਾਲਸਾਈ ਰੰਗ 'ਚ ਰੰਗਿਆ ਜਾਂਦਾ ਹੈ। ਖ਼ਾਲਸਾ ਪੰਥ ਹੋਲੀ ਨਹੀਂ ਖੇਡਦਾ, ਹੋਲਾ ਖੇਡਦਾ ਹੈ ਇਸ ਲਈ ਕਿਹਾ ਜਾਂਦਾ ਹੈ ਕਿ ਲੋਕਾ ਦੀਆਂ ਹੋਲੀਆਂ ਤੇ ਖਾਲਸੇ ਦਾ ਹੋਲਾ ਏ! ਹੋਲਾ ਹੋਲੀ ਤੋਂ ਅਗਲੇ ਦਿਨ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਕੇਸਗੜ੍ਹ ਸਾਹਿਬ ਦੇ ਸਥਾਨ ਉੱਤੇ ਮਨਾਇਆ ਜਾਂਦਾ ਹੈ। ਹੋਲਾ ਖੇਡਿਆ ਜਾਂਦਾ ਹੈ ਅਤੇ ਮਹੱਲਾ ਕੱਢਿਆ ਜਾਂਦਾ ਹੈ ਨਗਰ ਕੀਰਤਨ ਦੇ ਰੂਪ ਵਿੱਚ।

ਇਸ ਹੋਲੇ ਮਹੱਲੇ ਦਾ ਮੁੱਢ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਮਤ 1701 ਚੇਤ ਦੀ ਇੱਕ ਤਰੀਕ ਨੂੰ ਰੱਖਿਆ। ਫਿਰ ਹਰ ਸਾਲ ਅਨੰਦਪੁਰ ਵਿੱਚ ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਮਨਾਇਆ ਜਾਣ ਲੱਗਾ। 'ਹੋਲਾ' ਅਰਬੀ ਭਾਸ਼ਾ ਦੇ ਸ਼ਬਦ 'ਹੂਲ' ਤੋਂ ਬਣਿਆ ਹੈ ਜਿਸਦੇ ਅਰਥ ਹੈ ਚੰਗੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਜ਼ੁਲਮ ਦੇ ਖਿਲਾਫ ਲੜਨਾ। 'ਮਹੱਲਾ' ਸ਼ਬਦ ਦੇ ਅਰਥ ਹਨ ਉਹ ਅਸਥਾਨ ਜਿੱਥੇ ਫ਼ਤਹਿ ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੰਘ ਸਜਾ ਕੇ ਜਿਥੇ ਆਪਣੇ ਸਿੰਘਾਂ ਨੂੰ ਨਵਾਂ ਜੀਵਨ ਬਖਸ਼ਿਆ ਉਥੇ ਉਨ੍ਹਾਂ ਦੇ ਰੀਤੀ-ਰਿਵਾਜ਼ਾਂ ਅਤੇ ਤਿਉਹਾਰਾਂ ਨੂੰ ਮਨਾਉਣ ਦੇ ਢੰਗਾਂ ਵਿੱਚ ਵੀ ਇਨਕਲਾਬੀ ਤਬਦੀਲੀਆਂ ਕੀਤੀਆਂ। ਇਤਿਹਾਸਕਾਰਾਂ ਅਤੇ ਵਿਦਵਾਨਾਂ ਅਨੁਸਾਰ ਹੋਲੀ ਨੂੰ ਨਵੀਂ ਦਿਸ਼ਾ ਦੇਣ ਦਾ ਮਨੋਰਥ ਸਿੱਖ ਨੂੰ ਅਨਿਆ ਤੇ ਜ਼ੁਲਮ ਖਿਲਾਫ ਲੜਨ ਅਤੇ ਸੱਚ ਅਤੇ ਨਿਆਂ ਦੀ ਜਿੱਤ ਦਾ ਸੰਕਲਪ ਦ੍ਰਿੜ ਕਰਵਾਉਣਾ ਸੀ। ਅੱਜ ਇਸੇ ਰਵਾਇਤ ਅਨੁਸਾਰ ਹੋਲਾ ਮਹੱਲਾ ਮਨਾਇਆ ਜਾ ਰਿਹਾ ਹੈ। ਅੱਜ ਹੋਲਾ ਮਹੱਲਾ ਆਨੰਦਪੁਰ ਸਾਹਿਬ ਦਾ ਮਸ਼ਹੂਰ ਮੇਲਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਅਤੇ ਥਾਂ-ਥਾਂ ਲੱਗੇ ਪੰਡਾਲਾ ਵਿੱਚ ਦੀਵਾਨ ਸਜਦੇ ਹਨ ਜਿਥੇ ਬੀਰਰਸ ਵਾਰਾਂ ਗਾਈਆਂ ਜਾਂਦੀਆਂ ਹਨ। ਵਿਸ਼ੇਸ਼ ਪੜਾਅ ਬਣਾ ਕੇ ਨਿਹੰਗ ਸਿੰਘ ਗਤਕੇ ਅਤੇ ਘੋੜ ਸਵਾਰੀ ਦਾ ਜੌਹਰ ਵਿਖਾਉਂਦੇ ਹਨ।

ਹੋਲੀ ਨਾਲ ਸਬੰਧਤ ਇੱਕ ਹੋਲਿਕਾ ਅਤੇ ਪ੍ਰਹਿਲਾਦ ਦੀ ਦੰਤਕਥਾ ਵੀ ਹੈ ਕਿ ਇੱਕ ਵਾਰ ਹਰਨਾਕਸ਼ ਨਾਮ ਦਾ ਹੰਕਾਰੀ ਰਾਜਾ ਸੀ। ਉਸਨੇ ਆਪਣੇ ਰਾਜ ਵਿੱਚ ਹਰ ਕਿਸੇ ਨੂੰ ਸਿਰਫ ਉਸਦੀ ਹੀ ਪੂਜਾ ਕਰਨ ਦਾ ਹੁਕਮ ਦਿੱਤਾ। ਪਰ ਉਸ ਦਾ ਪੁੱਤਰ ਪ੍ਰਹਿਲਾਦ ਭਗਵਾਨ ਵਿਸ਼ਨੂੰ ਦਾ ਭਗਤ ਬਣ ਗਿਆ ਅਤੇ ਉਸਨੇ ਆਪਣੇ ਪਿਤਾ ਦੀ ਪੂਜਾ ਕਰਨ ਤੋਂ ਇਨਕਾਰ ਕਰ ਦਿੱਤਾ। ਹਰਨਾਕਸ਼ ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਮਾਰਨ ਦੇ ਕਈ ਤਰੀਕੇ ਅਜ਼ਮਾਏ ਪਰ ਭਗਵਾਨ ਵਿਸ਼ਨੂੰ ਨੇ ਹਰ ਵਾਰ ਉਸ ਨੂੰ ਬਚਾਇਆ। ਹਰਨਾਕਸ਼ ਦੀ ਭੈਣ ਹੋਲਿਕਾ ਨੂੰ ਇੱਕ ਵਰਦਾਨ ਸੀ ਕਿ ਅੱਗ ਉਸ ਦਾ ਕੋਈ ਨੁਕਸਾਨ ਨਹੀਂ ਕਰ ਸਕਦੀ, ਉਹ ਅੱਗ ਵਿੱਚ ਵੀ ਦਾਖਲ ਹੋ ਸਕਦੀ ਸੀ। ਇਸ ਲਈ ਹਰਨਾਕਸ਼ ਨੇ ਆਪਣੀ ਭੈਣ ਹੋਲਿਕਾ ਨੂੰ ਕਿਹਾ ਕਿ ਉਹ ਪ੍ਰਹਿਲਾਦ ਨੂੰ ਆਪਣੀ ਗੋਦ ਵਿੱਚ ਲੈ ਕੇ ਬਲਦੀ ਅੱਗ ਵਿੱਚ ਬੈਠ ਜਾਵੇ। ਆਪਣੇ ਭਰਾ ਦੀ ਗੱਲ ਮੰਨ ਕੇ ਹੋਲਿਕਾ ਨੇ ਧੋਖੇ ਨਾਲ ਪ੍ਰਹਿਲਾਦ ਨੂੰ ਆਪਣੀ ਗੋਦੀ ਵਿੱਚ ਲੈ ਲਿਆ ਤੇ ਬਲਦੀ ਅੱਗ ਵਿੱਚ ਬੈਠ ਗਈ। ਉਸ ਦੀ ਪਾਪੀ ਨੀਅਤ ਕਾਰਨ ਉਸ ਦਾ ਵਰਦਾਨ ਕੰਮ ਨਹੀਂ ਕੀਤਾ ਅਤੇ ਉਹ ਅੱਗ ਵਿੱਚ ਸੜ ਕੇ ਸੁਆਹ ਹੋ ਗਈ ਅਤੇ ਪ੍ਰਹਿਲਾਦ ਭਗਤ ਜੋ ਪ੍ਰਮਾਤਮਾ ਦੇ ਨਾਮ ਦਾ ਜਾਪ ਕਰ ਰਿਹਾ ਸੀ ਉਹ ਬਿਨਾਂ ਕਿਸੇ ਨੁਕਸਾਨ ਦੇ ਅੱਗ ਤੋਂ ਬਾਹਰ ਆ ਗਿਆ।

ਇਸ ਕਾਰਨ ਭਾਰਤ ਦੇ ਬਹੁਤੇ ਪ੍ਰਾਂਤਾਂ ਵਿੱਚ ਹੋਲੀ ਦਾ ਤਿਉਹਾਰ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਹਿੰਦੂ ਧਰਮ ਅਨੁਸਾਰ ਹੋਲੀ ਦਾ ਨਾਮ ਹੋਲੀਕਾ ਤੋਂ ਬਣਿਆ ਹੈ। ਲੋਕ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਨੂੰ ਦਰਸਾਉਣ ਲਈ ਭਾਰਤ ਅਤੇ ਖਾਸ ਕਰਕੇ ਉਤਰੀ ਭਾਰਤ ਵਿੱਚ ਹੋਲਿਕਾ ਦੇ ਪੁਤਲੇ ਜਲਾਉਂਦੇ ਹਨ। ਕਈ ਜਗ੍ਹਾ ਤੇ ਗੋਹੇ ਨੂੰ ਅੱਗ ਵਿੱਚ ਸੁੱਟਣ ਕੇ 'ਹੋਲਿਕਾ' ਨੂੰ ਗਾਲਾਂ ਕੱਢਣ ਦੀ ਵੀ ਪਰੰਪਰਾ ਵੀ ਹੈ।

ਹੋਲੀ ਦੇ ਤਿਉਹਾਰ ਦੇ ਮਨਾਏ ਜਾਣ ਦੇ ਕਾਰਨ ਤਾਂ ਚਾਹੇ ਵੱਖ-ਵੱਖ ਹਨ ਫਿਰ ਵੀ ਹੋਲੀ ਨੂੰ ਭਾਰਤ ਦੇ ਸਭ ਤੋਂ ਵੱਧ ਚਾਅ, ਖੁਸ਼ੀ ਅਤੇ ਸਭ ਤੋਂ ਵੱਧ ਮਨਾਏ ਜਾਣ ਵਾਲੇ ਤਿਉਹਾਰਾਂ ਵਿੱਚ ਗਿਣਿਆ ਜਾਂਦਾ ਹੈ। ਬਹੁੱਤੇ ਲੋਕ ਇਸ ਦਿਨ ਇੱਕ ਦੂਜੇ ਪ੍ਰਤੀ ਸਾਰੀਆਂ ਨਾਰਾਜ਼ਗੀ ਅਤੇ ਮਾੜੀਆਂ ਭਾਵਨਾਵਾਂ ਨੂੰ ਭੁੱਲ ਕੇ ਇਕੱਠੇ ਹੋ ਕੇ ਇਹ ਤਿਉਹਾਰ ਮਨਾਉਂਦੇ ਹਨ ਇਸ ਲਈ ਇਹ ਤਿਉਹਾਰ ਪਿਆਰ ਦਾ ਤਿਉਹਾਰ ਵੀ ਹੈ। ਦੇਸੀ ਮਹੀਨਿਆਂ ਅਨੁਸਾਰ ਇਹ ਫੱਗਣ ਦੇ ਮਹੀਨੇ ਵਿੱਚ ਪੂਰਨਮਾਸ਼ੀ ਦੇ ਦਿਨ ਹੁੰਦਾ ਹੈ। ਇਹ ਤਿਉਹਾਰ ਦੀ ਪਹਿਲੀ ਸ਼ਾਮ ਨੂੰ ਹੋਲਿਕਾ ਦਹਨ ਕੀਤਾ ਜਾਂਦਾ ਹੈ ਅਤੇ ਅਗਲੇ ਦਿਨ ਨੂੰ ਹੋਲੀ ਰੰਗਾ ਨਾਲ ਖੇਡ ਕੇ ਮਨਾਈ ਜਾਂਦੀ ਹੈ।

ਰੰਗਾਂ ਦਾ ਤਿਉਹਾਰ ਪੁਰਾਣੇ ਸਮੇਂ ਤੋਂ ਮਨਾਇਆ ਜਾਂਦਾ ਹੈ ਇਸ ਦਾ ਕਾਰਨ ਇਹ ਵੀ ਹੈ ਕਿ ਇਹ ਤਿਉਹਾਰ ਸੱਭਿਆਚਾਰਕ ਅਤੇ ਵਿਰਾਸਤੀ ਤਿਉਹਾਰ ਸੀ, ਬਸੰਤ ਦੀ ਆਮਦ ਦਾ ਜਸ਼ਨ ਅਤੇ ਸਰਦੀਆਂ ਦੀ ਉਦਾਸੀ ਨੂੰ ਦੂਰ ਕਰਨ ਲਈ ਸੁਹਾਵਣੀ ਬਸੰਤ ਦਾ ਅਨੰਦ ਲੈਣ ਲਈ ਇਸ ਨੂੰ ਰੰਗਾਂ ਨਾਲ ਖੇਡਿਆ ਜਾਂਦਾ ਸੀ। ਇਸ ਤਿਉਹਾਰ ਨਾਲ ਜੁੜੀਆਂ ਦੰਤਕਥਾਵਾਂ ਅਤੇ ਧਾਰਮਿਕ ਕਾਰਨਾ ਕਰਕੇ ਇਸ ਦੀ ਮਹਾਨਤਾ ਵੱਖਰੀ-ਵੱਖਰੀ ਹੋ ਗਈ ਹੈ। ਇਨ੍ਹਾਂ ਤਿਉਹਾਰਾਂ ਦੇ ਮਨਾਏ ਜਾਣ ਪਿਛੇ ਮੁੱਖ ਕਾਰਨ ਕੋਈ ਵੀ ਹੋਵੇ ਜੇਕਰ ਇਹ ਸਾਨੂੰ ਮਾਨਸਿਕ ਸੰਤੁਸ਼ਟੀ ਦਿੰਦੇ ਹਨ ਅਤੇ ਆਪਣੀ ਭਾਈਚਾਰਕ ਸਾਂਝ ਵਧਾਉਂਦੇ ਹਨ ਤਾਂ ਇਹ ਤਿਉਹਾਰ ਮਨਾਉਣੇ ਸਾਡੇ ਲਈ ਸਫਲ ਹਨ।

**-ਭਵਨਦੀਪ ਸਿੰਘ ਪੁਰਬਾ**
**(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)**
**1195, ਅਜੀਤ ਨਗਰ ਮੋਗਾ (ਪੰਜਾਬ)**
**ਵਟਸਐਪ : 9988-92-9988**

ਚੰਦ ਪੁਰਾਣੇ ਦੇ ਸਾਲਾਨਾ ਸ਼ਹੀਦੀ ਜੋੜ ਮੇਲੇ ’ਤੇ ਵਿਸ਼ੇਸ਼

# ਇਤਿਹਾਸ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦਪੁਰਾਣਾ




ਧੰਨ-ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ


ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ

ਇਸ ਨਗਰ ਪਿੰਡ ਚੰਦ ਪੁਰਾਣਾ ਦੇ ਮਹਾਨ ਸੂਰਬੀਰ ਯੋਧੇ ਬਾਬਾ ਤੇਗਾ ਸਿੰਘ ਜੀ ਹੋਏ ਸਨ ਆਪ ਜੀ ਚਾਰ ਭਰਾ ਸਨ ਅਤੇ ਬਾਬਾ ਜੀ ਸਾਰਿਆਂ ਤੋਂ ਛੋਟੇ ਸਨ, ਬਾਬਾ ਜੀ ਦਾ ਛੋਟੀ ਉਮਰ ਵਿਚ ਹੀ ਗੁਰੂ ਘਰ ਨਾਲ ਬਹੁਤ ਪਿਆਰ ਅਤੇ ਸੇਵਾ ਸਿਮਰਨ ਭਜਨ ਬੰਦਗੀ ਕਰਨ ਵਾਲੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲੇ ਸਨ ਛੇਵੇ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸੇਵਕਾਂ ਵਿਚੋਂ ਸਨ। ਬਾਬਾ ਤੇਗਾ ਸਿੰਘ ਜੀ ਜਦ ਜਵਾਨ ਅਵਸਥਾ ਵਿਚ ਹੋਏ ਤਾਂ ਉਸ ਸਮੇਂ ਮੁਗਲਾਂ ਦਾ ਰਾਜ ਸੀ ਅਤੇ ਮੁਗਲ ਬਾਦਸ਼ਾਹੀਆਂ ਕਰਦੇ ਸਨ ਅਤੇ ਮੁਗਲਾਂ ਦੇ ਟੋਲੇ ਧੀਆਂ-ਭੈਣਾਂ ਦੀਆਂ ਇੱਜਤਾਂ ਲੁੱਟਣ ਲਈ ਜਬਰਦਸਤੀ ਚੱਕ ਕੇ ਲੈ ਜਾਂਦੇ ਸਨ, ਕਿਸੇ ਦੀ ਕੋਈ ਪੁੱਛਗਿੱਛ ਨਹੀਂ ਸੀ, ਕਿਉਂਕਿ ਸਰਕਾਰੇ-ਦਰਬਾਰੇ ਮੁਗਲਾਂ ਦਾ ਦਬਦਬਾ ਸੀ ਇਹਨਾਂ ਨਾਲ ਟੱਕਰ ਲੈਣ ਦੀ ਜੁਅੱਰਤ ਕੋਈ ਵੀ ਨਹੀਂ ਰੱਖਦਾ ਸੀ ਪਰ ਇਹ ਲੁੱਟ ਖਸੁੱਟ ਬਾਬਾ ਜੀ ਸਹਾਰ ਨਾ ਸੱਕੇ ਅਤੇ ਮੁਗਲਾਂ ਨਾਲ ਟੱਕਰ ਲੈਣ ਦਾ ਮਨ ਬਣਾ ਲਿਆ ਅਤੇ ਗੁਰੂਆਂ ਤੋਂ ਆਸ਼ੀਰਵਾਦ ਲੈ ਕੇ ਪਿੰਡ ਦੀ ਹੱਦ ਬੰਦੀ ਤੇ ਆਪਣੇ ਸਾਥੀ ਸਿੰਘਾਂ ਨਾਲ ਲੈ ਕੇ ਮੁਗਲਾਂ ਦੀ ਫੌਜ ਤੇ ਹੱਲਾ ਬੋਲ ਦਿਤਾ ਤਾਂ ਮੁਗਲਾਂ ਨੂੰ ਭਾਜੜਾ ਪੈ ਗਈਆਂ, ਬਾਬਾ ਜੀ ਦੇ ਸਾਥੀ ਵੀ ਸ਼ਹੀਦ ਹੋ ਗਏ। ਬਾਬਾ ਜੀ ਇੱਕੱਲੇ ਹੀ ਲੜ ਰਹੇ ਸਨ ਮੁਗਲ ਫੌਜ ਦੇ ਪੈਰ ਹਿਲਾ ਦਿੱਤੇ, ਕੁਝ ਮੁਗਲ ਫੋਜ ਮਾਰੀ ਗਈ ਅਤੇ ਬਾਕੀ ਭੱਜ ਗਈ ਬਾਬਾ ਤੇਗਾ ਸਿੰਘ ਜੀ ਇਸ ਲੜਾਈ ਵਿਚ ਬਹੁਤ ਹੀ ਜ਼ਖ਼ਮੀ ਹੋ ਗਏ। ਜਿੱਤ ਪ੍ਰਾਪਤ ਕਰਕੇ ਪਿੰਡ ਵੱਲ ਨੂੰ ਵਾਪਿਸ ਆ ਰਹੇ ਸਨ ਤਾਂ ਰਸਤੇ ਵਿਚ ਜਖਮਾਂ ਦੀ ਤਾਬ ਨਾਂ ਸਹਾਰਦੇ ਹੋਏ ਘੋੜੇ ਸਮੇਤ ਇਸ ਅਸਥਾਨ ਤੇ ਜੋਤੀ ਜੋਤ ਸਮਾਂ ਗਏ, ਜਿਥੇ ਉਹ ਪੁਰਾਤਣ ਬੇਰੀ ਅੱਜ ਵੀ ਮਜੁਦ ਹੈ, ਜਿਸ ਨੂੰ ਬੜੇ ਮਿੱਠੇ ਬੇਰ ਲੱਗਦੇ ਹਨ ਅੱਜ ਇਹ ਵਿਸ਼ਾਲ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

ਧੰਨ ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਦਰੋ-ਘਰੋਂ ਵਰੋਸਾਏ ਹੋਏ ਸੰਤ ਬਾਬਾ ਨਛੱਤਰ ਸਿੰਘ ਜੀ ਜਿਨ੍ਹਾਂ ਦਾ ਜਨਮ 12.2.1969 ਨੂੰ ਸਵ. ਬਾਬਾ ਭਜਨ ਸਿੰਘ ਦੇ ਘਰ ਸਤਿਕਾਰਯੋਗ ਮਾਤਾ ਮੁਖਤਿਆਰ ਕੌਰ ਜੀ ਦੀ ਕੁੱਖੋਂ ਹੋਇਆ, ਜੋ ਬਚਪਨ ਤੋਂ ਸਾਧੂ ਸੁਭਾਅ ਦੇ ਮਾਲਕ ਸਨ। ਉਹ ਹਮੇਸ਼ਾ ਆਪਣੇ ਪਿਤਾ ਪਰਿਵਾਰ ਨਾਲ ਦੱਸਾ ਨੌਹਾਂ ਦੀ ਕਿਰਤ ਕਰਦੇ ਹੋਏ ਹਮੇਸ਼ਾ ਵਾਹਿਗੁਰੂ ਦੇ ਨਾਮ ਵਿਚ ਰੰਗੇ ਰਹਿੰਦੇ ਸਨ। ਉਨ੍ਹਾਂ ਨੂੰ ਘਰ ਦੇ ਤੇ ਬਾਹਰਲੇ ਸਭ ਇਕ ਬਰਾਬਰ ਲੱਗਦੇ ਸਨ ਤੇ ਧੰਨ-ਧੰਨ ਸ਼ਹੀਦ ਬਾਬਾ ਤੇਗਾ ਸਿੰਘ ਦੇ ਪਵਿੱਤਰ ਅਸਥਾਨ ਤੇ ਬਾਬਾ ਭਜਨ ਸਿੰਘ ਜੀ ਦੇ ਨਾਲ ਹਮੇਸ਼ਾ ਆਉਂਦੇ ਸਨ ਤੇ ਹਰ ਰੋਜ਼ ਬਾਬਿਆਂ ਦੀਆਂ ਗੱਲਾਂ ਕਰਦੇ ਰਹਿਣਾ ਜੋ ਬਚਨ ਮੂੰਹ ’ਚੋਂ ਬੋਲਣਾ ਪੂਰਾ ਹੋ ਜਾਣਾ। ਇਹ ਪਵਿੱਤਰ ਅਸਥਾਨ ਜੋ ਪਹਿਲਾਂ ਤਿੰਨ ਮਰਲੇ ਵਿਚ ਸੀ ਉਸ ਨੂੰ ਅੱਗੇ ਵਧਾਉਣ ਲਈ 1994 ਵਿਚ ਆਪ ਸੰਗਤਾਂ ਦੀ ਹਾਜ਼ਰੀ ਵਿਚ ਇਸ ਅਸਥਾਨ ਦੀ ਨੀਂਹ ਰੱਖੀ ਅਤੇ ਸ਼ਕਤੀ ਵਾਲੇ ਅਸਥਾਨ ਨੂੰ ਪ੍ਰਗਟ ਕੀਤਾ, ਜੋ ਅੱਜ 15 ਏਕੜ ਵਿਚ ਫੈਲ ਚੁੱਕਾ ਹੈ ਅਤੇ ਵਰਲਡ ਵਿਚ ਜਾਣਿਆ ਜਾਣ ਲੱਗਾ ਹੈ। ਇਸ ਅਸਥਾਨ ਤੇ 18 ਸਾਲ ਸੱਚ ਖੰਡਵਾਸੀ ਸੰਤ ਬਾਬ ਨਛੱਤਰ ਸਿੰਘ ਜੀ ਨੇ ਗ੍ਰਹਿਸਤੀ ਜੀਵਨ ਤੋਂ ਪਾਸੇ ਰਹਿੰਦਿਆਂ ਸੇਵਾ ਕੀਤੀ। ਉਨ੍ਹਾਂ ਅਨੇਕਾਂ ਸਮਾਜ ਭਲਾਈ ਦੇ ਕੰਮ ਕੀਤੇ ਅਤੇ ਸ਼ੁਰੂ ਕਰਵਾਏ ਤੇ ਬਚਨ ਕੀਤਾ ਕਿ ਇਹ ਹਮੇਸ਼ਾ ਚਲਦੇ ਰਹਿਣਗੇ। ਉਨ੍ਹਾਂ ਜਾਤ-ਪਾਤ ਦਾ ਭੇਦ ਨਾ ਰੱਖਿਆ। ਗਰੀਬਾਂ, ਲੋੜਵੰਦਾਂ ਦੀ ਸਹਾਇਤਾ ਕੀਤੀ ਜਿਵੇਂ ਗਰੀਬ ਪਰਿਵਾਰਾਂ ਨੂੰ ਰਾਸ਼ਨ ਵੰਡਣਾ, ਖਿਡਾਰੀਆਂ ਨੂੰ ਵੱਡੇ-ਵੱਡੇ ਇਨਾਮ ਦੇ ਕੇ ਸਨਮਾਨ ਕਰਨਾ, ਟੂਰਨਾਮੈਂਟ ਕਰਵਾਉਣੇ, ਭਰੂਣ ਹੱਤਿਆ ਰੋਕਣ ਦੇ ਉਪਰਾਲੇ ਕਰਨੇ, ਹਰ ਲੋਹੜੀ-ਮਾਘੀ ਤੇ ਔਰਤਾਂ ਬੱਚੀਆਂ ਦਾ ਸਨਮਾਨ ਕਰਨਾ, ਸਾਰੀ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਨਾਲ ਜੋੜਨ ਦੀ ਪ੍ਰੇਰਨਾ ਕਰਨੀ। ਅਨੇਕਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ। ਬੇਸਹਾਰਾ ਬਜ਼ੁਰਗਾਂ ਲਈ ਬਿਰਧ-ਆਸ਼ਰਮ ਬਣਾਇਆ। ਸਿੱਖੀ ਦੇ ਪ੍ਰਚਾਰ ਦੇ ਨਾਲ ਸਮਾਜ ਸੇਵਾ ਕਰਨੀ, ਹਸਪਤਾਲਾਂ ’ਚ ਗਰੀਬਾਂ ਦਾ ਜਾ ਕੇ ਹਾਲ ਪੁੱਛਣਾ, ਮੱਦਦ ਕਰਨੀ, ਅਨੇਕਾਂ ਪ੍ਰਵਾਸੀਆਂ ਦੇ ਦੁਖਾਂ ਦੀਆਂ ਗੁਰੂ ਅੱਗੇ ਅਰਦਾਸਾਂ ਕੀਤੀਆਂ। ਬਾਬਾ ਜੀ ਨੂੰ ਜਿੱਥੇ ਵੀ ਕੋਈ ਗਰੀਬ ਮਿਲ ਪੈਣਾ ਜਿੰਨੇ ਪੈਸੇ ਮੰਗਣੇ ਓਨੇ ਹੀ ਦੇ ਦੇਣੇ। ਬਾਬਾ ਜੀ ਪਾਸ ਕੋਈ ਗਰੀਬ ਲੋੜਵੰਦ ਖਾਲੀ ਨਹੀਂ ਜਾਂਦਾ ਸੀ। ਉਨ੍ਹਾਂ ਦਾ ਸੁਭਾਅ ਹੀ ਐਸਾ ਸੀ ਕਿ ਉਨ੍ਹਾਂ ਆਪਣੇ ਜੀਵਨ ਦੌਰਾਨ ਬੜੀਆਂ ਯਾਤਰਾ ਕੀਤੀਆਂ, ਬੜੇ ਪ੍ਰਾਣੀਆਂ ਨੂੰ ਸਿੱਧੇ ਰਸਤੇ ਪਾਇਆ, ਜਿਥੇ ਜਾਣਾ ਰੌਣਕਾਂ ਲੱਗ ਜਾਣੀਆਂ। ਉਨ੍ਹਾਂ ਦੇ ਸਰੀਰਕ ਤੌਰ ਤੇ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਯਾਦਾਂ ਅੱਜ ਵੀ ਯਾਦ ਆ ਰਹੀਆਂ ਹਨ।

ਸੰਤ ਬਾਬਾ ਗੁਰਦੀਪ ਸਿੰਘ ਜੀ ਨੂੰ ਹਮੇਸ਼ਾ ਨੇੜੇ ਰੱਖ ਕੇ ਬੜਾ ਕੁਝ ਸਿਖਾਇਆ। ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਦੱਸਦੇ ਹਨ ਕਿ ਮੈਂ ਆਪਣੇ ਆਪ ਨੂੰ ਬੜਾ ਕਰਮਾ ਵਾਲਾ ਸਮਝਦਾ ਹਾਂ ਕਿ ਮਹਾਂਪੁਰਖਾ ਨਾਲ ਰਹਿਣ ਦਾ ਉਨ੍ਹਾਂ ਦੇ ਦਰਸ਼ਨ ਕਰਨ ਦਾ ਉਨ੍ਹਾਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਬਾਬਾ ਗੁਰਦੀਪ ਸਿੰਘ ਜੀ ਹਮੇਸ਼ਾ ਇਹੀ ਕਹਿੰਦੇ ਹਨ ਕਿ ਮੈਨੂੰ ਹਮੇਸ਼ਾ ਸੰਗਤਾਂ ਦੇ ਜੋੜੇ ਝਾੜਨ ਦਾ ਲੋੜਵੰਦਾਂ ਦੀ ਸੇਵਾ ਕਰਨ ਦਾ ਬਲ ਬਖਸ਼ੀ। ਜੇ ਆਪਾਂ ਹਮੇਸ਼ਾ ਵਾਹਿਗੁਰੂ ਦਾ ਸਿਮਰਨ ਕਰਾਂਗੇ, ਗੁਰੂ ਵਾਲੇ ਬਣੇ ਰਹਾਂਗੇ। ਗੁਰੂ ਦੇ ਦਰਸਾਏ ਮਾਰਗ ਤੇ ਚੱਲਾਂਗੇ ਤੇ ਜੁੱਗ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਆਪਣਾ ਗੁਰੂ ਮੰਨਾਂਗੇ ਤਾਂ ਹੀ ਸਾਡਾ ਇਸ ਸਮਾਜ ਤੇ ਆਉਣਾ ਸਫਲਾ ਹੋਵੇਗਾ। ਪ੍ਰਾਣੀ ਬਾਣੇ ਬਾਣੀ ਤੋਂ ਬਿਨ੍ਹਾਂ ਤੇਰਾ ਜੀਵਨ ਬੇ-ਅਰਥ ਹੈ। ਸੰਗਤਾਂ ਦੀ ਸਹੂਲਤ ਲਈ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਤੇਗਾ ਸਿੰਘ ਜੀ ਗੁਰਦੁਆਰਾ ਸਾਹਿਬ ਦਾ ਦੂਸਰਾ ਅਸਥਾਨ 56 ਜੀ.ਬੀ. ਨੇੜੇ ਅਨੂਪਗੜ੍ਹ, ਜ਼ਿਲ੍ਹਾ ਗੰਗਾਨਗਰ (ਰਾਜਸਥਾਨ) ਵਿਖੇ 6 ਏਕੜ ਵਿਚ ਉਸਾਰੀ ਅਧੀਨ ਹੈ।


ਮੁੱਖ ਸੇਵਾਦਾਰ
ਬਾਬਾ ਗੁਰਦੀਪ ਸਿੰਘ ਜੀ
ਚੰਦਪੁਰਾਣਾ

# ਸ਼ਹੀਦ ਬਾਬਾ ਤੇਗਾ ਸਿੰਘ ਜੀ ਦੀ ਯਾਦ ਵਿੱਚ ਸਲਾਨਾ ਸ਼ਹੀਦੀ ਜੋੜ ਮੇਲਾ 16 ਮਾਰਚ 2025 ਦਿਨ ਐਤਵਾਰ ਨੂੰ

## ਚੰਦ ਪੁਰਾਣੇ ਦੇ ਸਾਲਾਨਾ ਸ਼ਹੀਦੀ ਜੋੜ ਮੇਲੇ ਦੀਆਂ ਤਿਆਰੀਆਂ ਜ਼ੋਰਾ ਤੇ - ਬਾਬਾ ਗੁਰਦੀਪ ਸਿੰਘ ਜੀ

ਬਾਘਾ ਪੁਰਾਣਾ/ ਭਵਨਦੀਪ ਸਿੰਘ ਪੁਰਬਾ



ਦੇਸ਼ ਵਿਦੇਸ਼ ਵਿੱਚ ਜਾਣਿਆ ਜਾਦਾ ਭਾਰਤ ਦਾ ਪ੍ਰਸਿੱਧ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ) ਚੰਦ ਪੁਰਾਣਾ ਵਿਖੇ ਹਰ ਸਾਲ ਸਲਾਨਾ ਸ਼ਹੀਦੀ ਜੋੜ ਮੇਲਾ ਚੇਤ ਦੇ ਪਹਿਲੇ ਐਤਵਾਰ ਨੂੰ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਜੀ ਦੇ ਯੋਗ ਪ੍ਰਬੰਧਾਂ ਹੇਠ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ ਜਿਸ ਦੀਆਂ ਤਿਆਰੀਆਂ ਸਾਲ ਦੇ ਸ਼ੁਰੂ ਵਿੱਚ ਹੀ ਹੋਣ ਲੱਗ ਪੈਂਦੀਆਂ ਹਨ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਸ਼ਹੀਦੀ ਜੋੜ ਮੇਲਾ 16 ਮਾਰਚ ਦਿਨ ਐਤਵਾਰ ਨੂੰ ਮੁੱਖ ਸੇਵਾਦਾਰ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਜੀ ਦੇ ਯੋਗ ਪ੍ਰਬੰਧਾ ਹੇਠ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਦੇ ਸਬੰਧ ਵਿੱਚ ਜਾਣਕਰੀ ਦਿੰਦਿਆਂ ਬਾਬਾ ਗੁਰਦੀਪ ਸਿੰਘ ਜੀ ਦੱਸਿਆ ਕਿ 16 ਮਾਰਚ ਦਿਨ ਐਤਵਾਰ ਨੂੰ ਸਵੇਰੇ 09 ਵਜੇ ਤੋਂ ਸ਼ਾਮ 04 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਉੱਚ ਕੋਟੀ ਦੇ ਢਾਡੀ, ਕਥਾ ਵਾਚਕ, ਮਹਾਂਪੁਰਖ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ। ਇਸ ਸਮਾਗਮ ਸਬੰਧੀ ਵੱਡੇ ਪੱਧਰ ਤੇ ਤਿਆਰੀਆ ਕੀਤੀਆਂ ਜਾ ਰਹੀਆਂ ਹਨ। 20 ਏਕੜ ਵਿੱਚ ਪਾਰਕਿੰਗ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਵੱਲੋਂ ਥਾਂ-ਥਾਂ ਗੁਰੁ ਕੇ ਲੰਗਰ, ਚਾਹ ਪਕੌੜਿਆ ਦੇ ਲੰਗਰ, ਜਲੇਬੀਆਂ ਦੇ ਲੰਗਰ ਅਤੇ ਛਬੀਲਾ ਵੀ ਲਗਾਈਆ ਜਾ ਰਹੀਆਂ ਹਨ। ਬਾਬਾ ਜੀ ਵੱਲੋਂ ਸਮੂੰਹ ਸੰਗਤਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਜਾ ਰਹੀ ਹੈ।

# ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਦੀ ਸਲਾਨਾ ਬਰਸੀ 10 ਅਪ੍ਰੈਲ ਨੂੰ

## ਬਰਸ਼ੀ ਦੇ ਸਬੰਧ ਵਿੱਚ ਹੋਣਗੇ ਵਿਸ਼ੇਸ਼ ਦਸਤਾਰ ਮੁਕਾਬਲੇ 9 ਅਪ੍ਰੈਲ ਨੂੰ, ਟੂਰਨਾਮੈਂਟ 8 ਤੇ 9 ਅਪ੍ਰੈਲ ਨੂੰ - ਬਾਬਾ ਜਸਵੀਰ ਸਿੰਘ ਜੀ ਲੋਹਾਰਾ

ਮੋਗਾ/ ਭਵਨਦੀਪ ਸਿੰਘ ਪੁਰਬਾ



ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਸਲਾਨਾ ਬਰਸ਼ੀ ਉਨ੍ਹਾ ਦੇ ਤਪ ਅਸਥਾਨ ਅਤੇ ਅੰਗੀਠਾ ਸਾਹਿਬ ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ ਵਿਖੇ ਬਾਬਾ ਜਸਵੀਰ ਸਿੰਘ ਜੀ ਦੀ ਸ੍ਰਪਰਸਤੀ ਵਿੱਚ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਈ ਜਾਵੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਜੀ ਨੇ ਦੱਸਿਆ ਕਿ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਸਲਾਨਾ ਬਰਸ਼ੀ ਉਨ੍ਹਾਂ ਦੇ ਤਪ ਅਸਥਾਨ ਅਤੇ ਅੰਗੀਠਾ ਸਾਹਿਬ ਗੁਰਦੁਆਰਾ ਸੱਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ ਵਿਖੇ ਮਨਾਈ ਜਾ ਰਹੀ ਹੈ। ਬਰਸੀ ਦੇ ਭੋਗ 10 ਅਪ੍ਰੈਲ 2023 ਨੂੰ ਸਵੇਰੇ 10:00 ਵਜੇ ਪੈਣਗੇ। ਉਪਰੰਤ ਧਾਰਮਿਕ ਦੀਵਾਨ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜੱਥੇ ਅਤੇ ਸੰਤ ਮਹਾਪੁਰਖ ਸੰਗਤਾ ਨੂੰ ਨਿਹਾਲ ਕਰਨਗੇ।

ਉਨ੍ਹਾਂ ਨੇ ਦੱਸਿਆ ਕਿ ਬਰਸ਼ੀ ਦੇ ਸਬੰਧ ਵਿੱਚ ਬਾਬਾ ਜੀ ਦੇ ਸਥਾਨ ਤੇ ਵਿਸ਼ੇਸ਼ ਦਸਤਾਰ ਮੁਕਾਬਲੇ 9 ਅਪ੍ਰੈਲ ਨੂੰ ਹੋਣਗੇ। ਬਾਬਾ ਜਸਵੀਰ ਸਿੰਘ ਨੇ ਨੌਜਵਾਨਾਂ ਨੂੰ ਇਸ ਦਸਤਾਰ ਮੁਕਾਬਲੇ ਵਿੱਚ ਭਾਗ ਲੈਣ ਦੀ ਅਪੀਲ ਕਰਦੇ ਹੋਏ ਆਖਿਆ ਕਿ ਇਸ ਦਸਤਾਰ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਨੌਜਵਾਨ ਆਪਣੇ ਨਾਮ ਪਹਿਲਾ ਦਰਜ ਕਰਵਾ ਦੇਣ। ਉਨ੍ਹਾਂ ਸਮੂੰਹ ਸੰਗਤਾਂ ਨੂੰ ਇਸ ਬਰਸ਼ੀ ਸਮਾਗਮ ਵਿੱਚ ਹਾਜ਼ਰ ਹੋਣ ਲਈ ਸੱਦਾ ਵੀ ਦਿੱਤਾ।

## ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਇੰਗਲੈਂਡ ਦੇ ਟੂਰ ਤੋਂ ਵਾਪਿਸ ਪਰਤੇ



ਮੋਗਾ/ 20 ਜਨਵਰੀ 2025/ ਮਨਮੋਹਨ ਸਿੰਘ ਚੀਮਾ

ਪ੍ਰਸਿੱਧ ਧਾਰਮਿਕ ਸਖਸ਼ੀਅਤ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਪਿਛਲੇ ਦਿਨੀ ਇੰਗਲੈਂਡ ਤੋਂ ਵਾਪਿਸ ਪਰਤੇ ਹਨ। ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਇੰਗਲੈਂਡ ਦੇ ਵੱਖ-ਵੱਖ ਗੁਰੂ ਘਰਾਂ ਵਿੱਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਆਪਣਾ ਯੋਗਦਾਨ ਪਾਉਂਦੇ ਹੋਏ ਵਾਪਿਸ ਆਪਣੇ ਸਥਾਨ ਗੁਰਦੁਆਰਾ ਦੁੱਖ ਭੰਜਨਸਰ ਸਾਹਿਬ ਪਿੰਡ ਖੁਖਰਾਣਾ ਵਿਖੇ ਪਹੁੰਚ ਕੇ ਸੰਗਤਾਂ ਨੂੰ ਮਿਲੇ। ਇਸ ਮੌਕੇ ਮਹਿਕ ਵਤਨ ਦੀ ਫਾਉਡੇਸ਼ਨ ਸੋਸਾਇਟੀ ਮੋਗਾ ਦੇ ਅਹੁੱਦੇ ਦਾਰ ਮੁੱਖ ਤੌਰ ਤੇ ਬਾਬਾ ਜੀ ਨੂੰ ਜੀ ਆਇਆਂ ਆਖਣ ਲਈ ਉਨ੍ਹਾਂ ਦੇ ਸਥਾਨ ਤੇ ਹਾਜਿਰ ਹੋਏ। ਉਨ੍ਹਾਂ ਨੇ ਬਾਬਾ ਜੀ ਦਾ ਵਾਪਿਸ ਪੰਜਾਬ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ।

ਮਹਿਕ ਵਤਨ ਦੀ ਫਾਉਡੇਸ਼ਨ ਸੋਸਾਇਟੀ (ਰਜਿ:) ਮੋਗਾ ਦੇ ਚੇਅਰਮੈਨ ਅਤੇ ਮਹਿਕ ਵਤਨ ਦੀ ਲਾਈਵ ਬਿਓਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਨੇ ਬਾਬਾ ਜੀ ਨੂੰ 'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਨਵੇਂ ਵਰ੍ਹੇ 2025 ਦੀ ਡਾਇਰੀ ਅਤੇ ਜੰਤਰੀ ਭੇਂਟ ਕੀਤੀ ਅਤੇ ਉਨ੍ਹਾਂ ਨੇ ਬਾਬਾ ਜੀ ਨਾਲ ਇੰਗਲੈਂਡ ਦੇ ਟੂਰ ਬਾਰੇ ਖੁਲੀਆਂ ਵਿਚਾਰਾਂ ਕੀਤੀਆਂ। ਇਸ ਮੌਕੇ ਉਪਰੋਕਤ ਤੋ ਇਲਾਵਾ ਭਾਈ ਬਲਜਿੰਦਰ ਸਿੰਘ ਖੁਖਰਾਣਾ, ਹਰਪ੍ਰੀਤ ਸਿੰਘ ਸੇਖੋਂ, ਸੇਵਾਦਾਰ ਅਤੇ ਸੰਗਤਾਂ ਹਾਜਿਰ ਸਨ।

## ਸਰਬੱਤ ਦਾ ਭਲਾ ਟਰੱਸਟ ਮੋਗਾ ਦੀ ਟੀਮ ਨੇ ਸਿਵਲ ਸਰਜਨ ਮੋਗਾ ਨਾਲ ਕੀਤੀ ਖਾਸ ਮੀਟਿੰਗ



ਮੋਗਾ/ ਮਵਦੀਲਾ ਬਿਓਰੋ/ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਮੋਗਾ ਟੀਮ ਵੱਲੋਂ ਸਿਵਲ ਹਸਪਤਾਲ ਮੋਗਾ ਵਿਖੇ ਮੋਗਾ ਦੇ ਸਿਵਲ ਸਰਜਨ ਡਾਕਟਰ ਰਮਨਦੀਪ ਆਹਲੂਵਾਲੀਆ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਉਨ੍ਹਾਂ ਨੇ ਇਸ ਮੀਟਿੰਗ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਭੇਂਟ ਕੀਤੀ ਗਈ ਡਾਇਲੈਸਿਜ ਮਸ਼ੀਨ ਬਾਰੇ ਵਿਸ਼ਥਾਰ ਪੂਰਵਕ ਗੱਲਬਾਤ ਕੀਤੀ ਅਤੇ ਇਸ ਮਸ਼ੀਨ ਲਈ ਉਪਰੇਟਰ ਲਗਾਉਣ ਬਾਰੇ ਸਿਵਲ ਸਰਜਨ ਮੈਡਮ ਨੂੰ ਲਿਖਤੀ ਰੂਪ ਵਿੱਚ ਪੱਤਰ ਦਿੱਤਾ। ਇਸ ਤੋਂ ਇਲਾਵਾ ਟਰੱਸਟ ਵੱਲੋਂ ਅੱਖਾਂ ਦੇ ਲਗਾਏ ਜਾਣ ਵਾਲੇ ਕੈਪਾਂ ਦੀ ਮਨਜੂਰੀ ਵਿੱਚ ਆ ਰਹੀਆਂ ਮੁਸਕਿਲਾ ਬਾਰੇ ਗੱਲ-ਬਾਤ ਕੀਤੀ ਜਿਸ ਦਾ ਸਿਵਲ ਸਰਜਨ ਮੈਡਮ ਨੇ ਮੌਕੇ ਤੇ ਹੀ ਹੱਲ ਕਰ ਦਿੱਤਾ। ਟਰੱਸਟੀਆਂ ਵੱਲੋਂ ਸਿਵਲ ਹਸਪਤਾਲ ਨੂੰ ਲੋਕ ਸੇਵਾ ਹਿੱਤ ਦਿੱਤਿਆ ਜਾਣ ਵਾਲੀਆ ਸੇਵਾਵਾ ਵਿੱਚ ਆਪਣਾ ਪੂਰਨ ਯੋਗਦਾਨ ਪਉਣ ਦਾ ਭਰੋਸਾ ਦਿਵਾਇਆ ਗਿਆ।

ਇਸ ਮੀਟਿੰਗ ਮੌਕੇ ਸਿਵਲ ਸਰਜਨ ਮੈਡਮ ਰਮਨਦੀਪ ਆਹਲੂਵਾਲੀਆ ਦੇ ਨਾਲ ਟਰੱਸਟ ਦੀ ਮੋਗਾ ਇਕਾਈ ਦੇ ਪ੍ਰਧਾਨ ਸ਼੍ਰੀ ਗੋਕਲਚੰਦ ਬੁੱਘੀਪੁਰਾ, ਖਜਾਨਚੀ ਸ. ਜਗਤਾਰ ਸਿੰਘ ਜਾਨੀਆ, ਜਰਨਲ ਸਕੱਤਰ ਸ. ਅਵਤਾਰ ਸਿੰਘ ਘੋਲੀਆ, ਟਰੱਸਟੀ ਸ. ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ), ਟਰੱਸਟੀ ਸ. ਹਰਭਿੰਦਰ ਸਿੰਘ ਜਾਨੀਆ (ਜਿਲ੍ਹਾ ਪ੍ਰਧਾਨ: ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ) ਮੁੱਖ ਤੌਰ ਤੇ ਹਾਜਰ ਸਨ।

## ਸਿਰਜਣਾ ਤੇ ਸੰਵਾਦ ਸਾਹਿਤ ਸਭਾ ਵੱਲੋਂ ਕਰਵਾਏ ਨਾਟਕ "ਲੱਛੂ ਕਬਾੜੀਆਂ" ਨੇ ਦਰਸ਼ਕਾਂ ਵਿੱਚ ਛੱਡੀ ਅਮਿੱਟ ਛਾਪ





ਸਿਰਜਣਾ ਤੇ ਸੰਵਾਦ ਸਾਹਿਤ ਸਭਾ ਮੋਗਾ ਵੱਲੋਂ ਸੰਦਲੀ ਦਰਵਾਜਾ ਘੱਲ ਕਲਾਂ ਵਿਖੇ ਬਹੁਤ ਖੂਬਸੂਰਤ ਨਾਟਕ "ਲੱਛੂ ਕਬਾੜੀਆਂ" ਦਾ ਮੰਚਨ ਕਰਵਾਇਆ ਗਿਆ। ਇਸ ਨਾਟਕ ਦੇ ਲੇਖਕ, ਨਿਰਦੇਸ਼ਕ ਅਤੇ ਅਦਾਕਾਰ ਡਾਕਟਰ ਸਾਹਿਬ ਸਿੰਘ ਨੇ ਆਪਣੀ ਬਾਕਮਾਲ ਪੇਸ਼ਕਾਰੀ ਦੇ ਨਾਲ ਜਿੱਥੇ ਸਰਮਾਏਦਾਰਾਂ ਅਤੇ ਕਿਰਤੀਆਂ ਦੇ ਆਪਸੀ ਸਬੰਧਾਂ ਦੇ ਪੱਖ ਨੂੰ ਬਿਆਨ ਕੀਤਾ ਉਥੇ ਨਾਲ ਹੀ ਸਾਡੇ ਸਮਾਜ ਵਿਚਲੀਆਂ ਬਹੁਤ ਸਾਰੀਆਂ ਕੁਰੀਤੀਆਂ ਨੂੰ ਆਪਣੇ ਸ਼ਬਦਾਂ, ਆਪਣੀ ਅਦਾਕਾਰੀ ਰਾਹੀਂ ਲੋਕਾਂ ਦੇ ਸਨਮੁੱਖ ਪੇਸ਼ ਕੀਤਾ। ਲੱਛੂ ਕਬਾੜੀਆ ਨਾਟਕ ਰਾਹੀਂ ਡਾਕਟਰ ਸਾਹਿਬ ਸਿੰਘ ਲੋਕਾਂ ਦੇ ਮਨਾਂ ਵਿੱਚੋਂ ਸਾਰਾ ਕਬਾੜ ਹੂੰਝ ਕੇ ਬਾਹਰ ਕੱਢਕੇ ਦਰਸ਼ਕਾਂ ਦੇ ਮਨ ਤੇ ਅਮਿੱਟ ਛਾਪ ਛੱਡ ਗਏ ਹਨ। ਸਿਰਜਣਾ ਤੇ ਸੰਵਾਦ ਸਾਹਿਤ ਸਭਾ ਮੋਗਾ ਵੱਲੋਂ ਇਸ ਸ਼ਲਾਘਾਯੋਗ ਉਪਰਾਲੇ ਲਈ ਅਣਥੱਕ ਮਿਹਨਤ ਕੀਤੀ ਗਈ ਜਿਸ ਵਿੱਚ ਉਹਨਾਂ ਨੇ ਸਮਾਜ ਦੇ ਹਰ ਇੱਕ ਵਰਗ ਨੂੰ ਨਾਲ ਜੋੜਿਆ। ਇਸ ਲਈ ਛੋਟੇ ਬੱਚਿਆਂ ਤੋਂ ਲੈ ਕੇ ਵਪਾਰੀ ਵਰਗ, ਕਿਸਾਨ, ਮਜ਼ਦੂਰ, ਵਿਦਿਆਰਥੀ ਵਰਗ ਨਾਲ ਜੁੜਿਆ ਹਰ ਇਨਸਾਨ ਇਸ ਨਾਟਕ ਨੂੰ ਦੇਖਣ ਲਈ ਪਹੁੰਚਿਆ। ਸਭਾ ਵੱਲੋਂ ਕਰਵਾਏ ਨਾਟਕ ਦਾ ਲਗਭਗ 400 ਦਰਸ਼ਕਾਂ ਨੇ ਆਨੰਦ ਮਾਣਿਆ, ਦਰਸ਼ਕ ਪੇਸਕਾਰੀ ਦੌਰਾਨ ਵਾਹ ਵਾਹ ਕਰਦੇ ਰਹੇ ਤੇ ਤਾੜੀਆਂ ਨਾਲ ਹਾਲ ਗੂੰਜਦਾ ਰਿਹਾ। ਮੋਗਾ ਜ਼ਿਲ੍ਹੇ ਵਿੱਚ ਉੱਚ ਕੋਟੀ ਦੇ ਨਾਟਕਕਾਰ ਵੱਲੋਂ ਨਾਟਕ ਮੰਚਨ ਕੀਤਾ ਜਾਣਾ ਬਹੁਤ ਸ਼ਲਾਘਾਯੋਗ ਉਪਰਾਲਾ ਰਿਹਾ। ਜਿਸ ਦਾ ਸਿਹਰਾ ਸਿਰਜਣਾ ਤੇ ਸੰਵਾਦ ਸਾਹਿਤ ਸਭਾ ਦੀ ਮੋਗਾ ਇਕਾਈ ਨੂੰ ਜਾਂਦਾ ਹੈ।

ਸਭਾ ਦੇ ਪ੍ਰਧਾਨ ਡਾ. ਸਰਬਜੀਤ ਕੌਰ ਬਰਾੜ ਨੇ ਦੱਸਿਆ ਕਿ ਸਭਾ ਦੇ ਸਾਰੇ ਹੀ ਮੈਂਬਰ ਸਿਰੜੀ ਤੇ ਅਣਥੱਕ ਮਿਹਨਤ ਨਾਲ ਨੌਜਵਾਨ ਵਰਗ ਨੂੰ ਸਾਹਿਤ ਅਤੇ ਸਿਰਜਣਾ ਦੇ ਨਾਲ ਜੋੜਨ ਲਈ ਤਤਪਰ ਰਹਿੰਦੇ ਹਨ ਅਤੇ ਅਜਿਹੇ ਪ੍ਰੋਗਰਾਮ ਉਲੀਕਦੇ ਰਹਿੰਦੇ ਹਨ। ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰਹਿਣਗੇ। ਸਭਾ ਵੱਲੋਂ ਡਾ. ਸਾਹਿਬ ਸਿੰਘ ਅਤੇ ਉਹਨਾਂ ਦੀ ਟੀਮ ਅਤੇ ਵਿਸ਼ੇਸ਼ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਨਾਟਕ ਮੰਚਨ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਮਹਿਮਾਨ ਡਾ. ਅਜੀਤਪਾਲ ਸਿੰਘ ਜਟਾਣਾ ਜ਼ਿਲ੍ਹਾ ਭਾਸ਼ਾ ਅਫਸਰ ਮੋਗਾ, ਸ ਹਰਜਿੰਦਰ ਸਿੰਘ ਰੋਡੇ ਚੇਅਰਮੈਨ ਮਾਰਕਿਟ ਕਮੇਟੀ ਮੋਗਾ, ਸਰਬਜੀਤ ਕੌਰ ਰੋਡੇ ਨਗਰ ਕੌਂਸ਼ਲਰ, ਉਘੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਗੁਰਮੇਲ ਸਿੰਘ ਬੌਡੇ, ਦਵਿੰਦਰ ਪਾਲ ਸਿੰਘ ਰਿੰਪੀ, ਲੈਕ. ਮਨੋਜ ਕੁਮਾਰ ਸ਼ਰਮਾ, ਡਾ. ਜੈ ਰਾਮ ਕੱਕੜ, ਰਣਬੀਰ ਸਿੰਘ ਘੋਲੀਆ ਕਲਾਂ ਯੂ. ਐਸ.ਏ., ਕਾਜਲ ਕਪੂਰ, ਭਵਦੀਪ ਕੋਹਲੀ ਪਬਲਿਕ ਸਪੀਕਰ ਅਤੇ ਡਾਇਰੈਕਟਰ ਕੋਹਲੀ , ਹਰਜਿੰਦਰ ਸਿੰਘ ਗਿੱਲ ਪ੍ਰਧਾਨ ਘੋਲੀਆ ਕਲੱਬ, ਦਲਜੀਤ ਸਿੰਘ ਘੋਲੀਆ ਯੂ.ਐਸ.ਏ., ਸਰਪੰਚ ਏਕਮਪ੍ਰੀਤ ਸਿੰਘ ਘੋਲੀਆ, ਬੀਬੀ ਕਰਮਜੀਤ ਲੰਢੇਕੇ, ਬਲਵਿੰਦਰ ਸਿੰਘ ਬਰਾੜ ਮੋਗਾ, ਜੰਗੀਰ ਸਿੰਘ ਖੋਖਰ, ਸਤਪਾਲ ਸਿੰਘ ਜੰਡੂ, ਮਨਦੀਪ ਕੌਰ ਜੰਡੂ, ਤਰਸੇਮ ਸਿੰਘ ਗੋਪੀਕਾ ਤੇ ਲੇਖਕ ਵਿਚਾਰ ਮੰਚ ਟੀਮ ਨਿਹਾਲ ਸਿੰਘ ਵਾਲਾ, ਗਿਆਨ ਸਿੰਘ ਸਾਬਕਾ ਡੀ. ਪੀ. ਆਰ.ਓ. ਅਮਰਜੀਤ ਸਿੰਘ ਜੱਸਲ, ਨਿਰਭੈ ਸਿੰਘ ਬਰਾੜ ਯੂ.ਐਸ.ਏ., ਆਈ. ਟੀ.ਆਈ.ਦੇ ਵਿਦਿਆਰਥੀ ਅਤੇ ਸਟਾਫ ਮੈਂਬਰ ਜਸਵੀਰ ਕੌਰ, ਗੁਰਪ੍ਰੀਤ ਕੌਰ ਅਤੇ ਰੀਨਾ ਮੈਡਮ, ਮੋਹੀ ਅਮਰਜੀਤ ਹਾਜ਼ਰ ਸਨ। ਸੰਵਾਦ ਸਾਹਿਤ ਸਿਰਜਣਾ ਦੇ ਸਲਾਹਕਾਰ ਗੁਰਮੇਲ ਸਿੰਘ ਬੌਡੇ ਨੇ ਔਰਤ ਦੀ ਸਮਰੱਥਾ ਦੇ ਪਿਛੋਕੜ ਅਤੇ ਅਜੋਕੀ ਸਥਿਤੀ ਤੇ ਚਾਨਣਾ ਪਾਉਂਦੇ ਹੋਏ ਸਭਾ ਦੀ ਕਾਰ ਗੁਜਾਰੀ ਬਾਰੇ ਜਾਣਕਾਰੀ ਦਿੱਤੀ। ਡਾ. ਸਰਬਜੀਤ ਕੌਰ ਬਰਾੜ ਪ੍ਰਧਾਨ, ਪਰਮਿੰਦਰ ਕੌਰ ਮੀਤ ਪ੍ਰਧਾਨ, ਗੁਰਬਿੰਦਰ ਕੌਰ ਗਿੱਲ ਸਕੱਤਰ, ਵਿਸ਼ੇਸ਼ ਸਲਾਹਕਾਰ ਕੈਪਟਨ ਜਸਵੰਤ ਸਿੰਘ, ਹਰਪ੍ਰੀਤ ਸਿੰਘ ਖਜ਼ਾਨਚੀ, ਹਰਨੇਕ ਸਿੰਘ ਰੋਡੇ ਵਿਸ਼ੇਸ਼ ਸਲਾਹਕਾਰ, ਅਮਨਦੀਪ ਕੌਰ ਡਗਰੂ ਮੀਡੀਆ ਇੰਚਾਰਜ, ਕਾਰਜ ਕਾਰਨੀ ਕਮੇਟੀ ਦੇ ਮੈਂਬਰ ਕ੍ਰਿਸ਼ਨ ਪ੍ਰਤਾਪ ਮੈਹਨ, ਅਮਿਤਾ ਕੁਮਾਰੀ ਮੈਹਨ, ਨਿੰਦਰਜੀਤ ਕੌਰ, ਚਰਨਜੀਤ ਸਮਾਲਸਰ ਮੋਗਾ ਨੇ ਮਹਿਮਾਨਾਂ ਅਤੇ ਦਰਸ਼ਕਾਂ ਦਾ ਸਵਾਗਤ ਕੀਤਾ।ਪਰਮਿੰਦਰ ਕੌਰ ਨੇ ਮੰਚ ਸੰਚਾਲਨ ਕਰਨ ਦੀ ਸ਼ਾਨਦਾਰ ਭੂਮਿਕਾ ਨਿਭਾਈ।







ਕਲਾਸੀਫਾਈਡ ਇਸ਼ਤਿਹਾਰ
CLASSIFIED ADVT.

**ਕੰਨਿਆਂ ਦੀ ਲੋੜ**

ਮਜਬੀ ਸਿੱਖ/ 28 ਸਾਲਾ 5' le-Lets (ਜਰਨਲ) 5.5 ਬੈਂਡ (+ਨੈਨੀ) ਲੜਕੀ ਲਈ PR ਕੇਸ ਲਗਾਉਣ ਵਾਸਤੇ ਯੋਗ ਲੜਕੇ ਦੀ ਜਰੂਰਤ ਹੈ। ਕੋਈ ਜਾਤੀ ਬੰਧਨ ਨਹੀ।
ਸੰਪਰਕ: 79737-65721, 90418-26425

ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9988-92-9988

# ਪੰਜਾਬੀ ਟੱਪਿਆਂ ਦੇ ਸਰਤਾਜ ਬਾਲੋ ਮਾਹੀਆ

– ਪਰਮਜੀਤ ਕੌਰ ਸਰਹਿੰਦ
#209, ਪ੍ਰੀਤ ਨਗਰ, ਬਸੀ ਰੋਡ ਸਰਹਿੰਦ
ਜ਼ਿਲ੍ਹਾ ਫਤਹਿਗੜ੍ਹ ਸਾਹਿਬ -140 406 (ਪੰਜਾਬ)
98728–98599



ਬਾਲੋ ਮਾਹੀਆ ਦੇ ਟੱਪੇ ਲੰਮੇ ਅਰਸੇ ਤੋਂ ਸਾਡੇ ਮਨਾਂ ਵਿੱਚ ਲੋਕ ਗੀਤਾਂ ਵਾਂਗ ਵੱਸੇ ਹੋਏ ਹਨ। ਅੱਜ ਵੀ ਵਿਆਹ ਸ਼ਾਦੀ ਸਮੇਂ ਔਰਤਾਂ ਢੋਲਕੀ ਜਾਂ ਘੜੇ 'ਤੇ ਇਹ ਟੱਪੇ ਜਾਂ ਮਾਹੀਆ ਗਾਉਂਦੀਆਂ ਹਨ। ਕਈ ਵਾਰ ਕੋਈ ਹਾਲੀ ਪਾਲੀ ਵੀ ਵਜ਼ਦ ਆਇਆ ਕੰਮ ਕਰਦਿਆਂ ਗਾਉਂਦਾ ਹੈ:–

**ਕੋਠੇ ਤੋਂ ਉੱਡ ਕਾਵਾਂ,**
**ਸੱਦ ਪਟਵਾਰੀ ਨੂੰ,**
**ਜਿੰਦ ਮਾਹੀਏ ਦੇ ਨਾ ਲਾਵਾਂ।**

ਅੱਜ ਦਾ ਦੌਰ ਗ਼ਜ਼ਲ, ਨਜ਼ਮ, ਰੁਬਾਈ, ਖੁੱਲ੍ਹੀ ਕਵਿਤਾ ਜਾਂ ਲਘੂ ਕਵਿਤਾ ਦਾ ਦੌਰ ਹੈ। ਟੱਪੇ ਤੇ ਮਾਹੀਏ ਨੂੰ ਲੋਕ ਵਿਸਾਰਦੇ ਜਾ ਰਹੇ ਹਨ ਪਰ ਇਹ ਸਾਡੇ ਸੱਭਿਆਚਾਰ ਦੀ ਕਾਵਿ ਕਲਾ ਦਾ ਉੱਤਮ ਨਮੂਨਾ ਹੈ। ਅੱਜ ਕੱਲ੍ਹ ਟੱਪੇ ਪੜ੍ਹਨ ਲਿਖਣ ਦਾ ਰੁਝਾਨ ਨਹੀਂ ਰਿਹਾ। ਅਸੀਂ ਟੱਪਿਆਂ ਜਾਂ ਬਾਲੋ ਮਾਹੀਏ ਨੂੰ ਆਮ ਤੌਰ 'ਤੇ ਲੋਕ ਗੀਤਾਂ ਦੀ ਲੜੀ ਵਿੱਚੋਂ ਹੀ ਸਮਝ ਲੈਂਦੇ ਹਾਂ, ਉਂਜ ਹੈ ਤਾਂ ਇਹ ਵੀ ਲੋਕ-ਮਨਾਂ ਦੀ ਹੀ ਆਵਾਜ਼, ਪਰ ਇਸ ਨੂੰ ਅਮਰ ਕਰਨ ਵਾਲਾ ਮੁਹੰਮਦ ਅਲੀ ਨਾਂ ਦਾ ਇੱਕ ਕਸ਼ਮੀਰੀ ਮੁੰਡਾ ਸੀ ਜੋ ਬਾਅਦ ਵਿੱਚ 'ਮਾਹੀਆ' ਨਾਂ ਨਾਲ ਪ੍ਰਸਿੱਧ ਹੋਇਆ। ਆਮ ਤੌਰ 'ਤੇ ਮਾਹੀਏ ਨੂੰ ਟੱਪੇ ਜਾਂ ਟੱਪਿਆਂ ਨੂੰ ਮਾਹੀਆ ਵੀ ਕਹਿ ਲਿਆ ਜਾਂਦਾ ਹੈ। ਅਸਲ ਵਿੱਚ ਡੇਢ ਕੁ ਸਤਰ ਦੀ ਕਾਵਿ-ਸ਼ੈਲੀ, ਜੋ ਮਿਲਦੇ-ਜੁਲਦੇ ਕਾਫ਼ੀਆ ਰਦੀਫ਼ ਵਾਲੀ ਹੁੰਦੀ ਹੈ, ਮਾਹੀਆ ਸ਼ਬਦ ਸਦਕਾ ਹੀ 'ਮਾਹੀਆ' ਆਖੀ ਜਾਂਦੀ ਹੈ। ਪਹਿਲੀ ਅੱਧੀ ਤੇ ਦੂਜੀ ਪੂਰੀ ਸਤਰ ਦਾ ਕਾਫ਼ੀਆ ਰਦੀਫ਼ ਮਿਲਦਾ ਜੁਲਦਾ ਹੁੰਦਾ ਹੈ। ਜਿਸ ਟੱਪੇ ਵਿੱਚ ਮਾਹੀਆ ਲਫ਼ਜ਼ ਵਰਤਿਆ ਜਾਂਦਾ ਹੈ, ਉਸ ਨੂੰ ਅਸੀਂ ਮਾਹੀਆ ਕਹਿ ਲੈਂਦੇ ਹਾਂ। ਅਸਲ ਵਿੱਚ ਹੁੰਦਾ, ਉਹ ਵੀ ਟੱਪਾ ਹੀ ਹੈ। ਇਸ ਦੀ ਸੁਰਤਾਲ ਵੀ ਇੱਕੋ ਹੁੰਦੀ ਹੈ। ਮਾਹੀਏ ਅਤੇ ਟੱਪੇ ਵਿੱਚ ਇੱਕ ਅੰਤਰ ਦੇਖਣ ਨੂੰ ਮਿਲਦਾ ਹੈ, ਉਹ ਹੈ ਮਾਹੀਏ ਦਾ ਵਿਸ਼ਾ ਇੱਕ ਹੁੰਦਾ ਹੈ ਅਤੇ ਉਸ ਵਿੱਚ ਹਰ ਗੱਲ ਮਾਹੀਏ ਨੂੰ ਸੰਬੋਧਨ ਹੁੰਦੀ ਹੈ ਜਾਂ ਮਾਹੀਏ ਬਾਰੇ ਹੁੰਦੀ ਹੈ। ਟੱਪਿਆਂ ਵਿੱਚ ਇਹ ਗੱਲ ਜ਼ਰੂਰੀ ਨਹੀਂ ਹੁੰਦੀ। ਕਈ ਵਾਰ ਕੋਈ ਮਾਹੀਆ ਰਦੀਫ਼ ਬਣਾ ਕੇ ਗੀਤ ਵੀ ਬਣਾ ਲੈਂਦਾ ਹੈ। ਮਾਹੀਏ ਦਾ ਇੱਕ ਰੂਪ ਪੇਸ਼ ਹੈ–

**ਕੋਠੇ 'ਤੇ ਖਲੋ ਮਾਹੀਆ,**
**ਚੰਨ ਭਾਵੇਂ ਚੜ੍ਹੇ ਨਾ ਚੜ੍ਹੇ,**
**ਸਾਨੂੰ ਤੇਰੀ ਲੋ ਮਾਹੀਆ।**

ਇਸੇ ਤਰ੍ਹਾਂ ਟੱਪੇ ਵੀ ਡੇਢ ਕੁ ਸਤਰ ਅਤੇ ਇਸੇ ਸੁਰਤਾਲ ਦੇ ਹੁੰਦੇ ਹਨ -

**ਸੋਨੇ ਦਿਆ ਵੇ ਕੰਗਣਾ,**
**ਸੱਜਣਾ ਨੇ ਬੂਹਾ ਢੋਅ ਲਿਆ,**
**ਹੁਣ ਗਲੀ ਵਿੱਚੋਂ ਕੀ ਲੰਘਣਾ।**

ਕੁਝ ਸਮਾਂ ਪਹਿਲਾਂ ਕਿਸੇ ਅਖ਼ਬਾਰ ਨੇ ਲਿਖਿਆ ਸੀ ਕਿ ਬਾਲੋ ਮਾਹੀਆ ਕੋਈ ਹੈ ਹੀ ਨਹੀਂ ਸਨ, ਜਦੋਂਕਿ ਸ੍ਰੀ ਹਰਨੇਕ ਸਿੰਘ ਘੜੂੰਆਂ (ਸਾਬਕਾ ਮੰਤਰੀ ਪੰਜਾਬ) ਨੇ ਇੱਕ ਲੇਖ ਵਿੱਚ ਬਾਲੋ ਮਾਹੀਏ ਬਾਰੇ ਲਿਖਿਆ ਸੀ। ਉਨ੍ਹਾਂ ਨੇ ਆਪਣੀ ਜਗਿਆਸਾ ਅਧੀਨ ਜ਼ਫ਼ਰ ਜਾਲ਼ ਕੇ ਪਾਕਿਸਤਾਨ ਦੇ ਗੇੜੇ ਮਾਰ ਮਾਰ ਕੇ ਬਾਲੋ-ਮਾਹੀਏ ਨੂੰ ਲੱਭਿਆ। ਜੇ ਘੜੂੰਆਂ ਸਾਹਿਬ ਇਹ ਉੱਦਮ ਨਾ ਕਰਦੇ, ਇਸ ਵਿਲੱਖਣ ਸ਼ੈਲੀ ਦੇ ਰਚਨਹਾਰਿਆਂ ਨੇ ਸਮੇਂ ਦੀ ਧੂੜ ਵਿੱਚ ਦਬ ਕੇ ਰਹਿ ਜਾਣਾ ਸੀ। ਸਮਾਂ ਪਾ ਕੇ ਇਹ ਬਾਲੋ ਮਾਹੀਆ ਨਹੀਂ, ਕੇਵਲ ਟੱਪੇ ਜਾਂ ਮਾਹੀਆ ਹੀ ਰਹਿ ਜਾਣੇ ਸਨ ਕਿਉਂਕਿ ਸਾਡੀ ਪੰਜਾਬੀ ਬੋਲੀ ਵਿੱਚ ਮਾਹੀ ਜਾਂ ਮਾਹੀਆ ਸ਼ਬਦ ਪਤੀ ਲਈ ਵਰਤਿਆ ਜਾਂਦਾ ਹੈ ਜਾਂ ਕਿਸੇ ਮਨ ਦੇ ਮੀਤ ਲਈ ਕੋਈ ਦਿਲਜਲੀ, ਜੋ ਸਮਾਜ ਦੇ ਡਰੋਂ ਆਪਣੇ ਪ੍ਰੇਮੀ ਨੂੰ ਨਹੀਂ ਮਿਲ ਸਕਦੀ, ਉਹ ਕਹਿੰਦੀ ਹੈ–

**ਦੋ ਪੱਤਰ ਅਨਾਰਾਂ ਦੇ,**
**ਸਾਡੀ ਗਲੀ ਲੰਘ ਮਾਹੀਆ,**
**ਦੁੱਖ ਟੁੱਟਣ ਬਿਮਾਰਾਂ ਦੇ।**

ਬਾਲੋ ਗੁਜਰਾਤ ਸ਼ਹਿਰ ਦੀ ਜੰਮਪਲ ਬੜੇ ਅਮੀਰ ਘਰਾਣੇ ਦੀ ਧੀ ਸੀ। ਉਨ੍ਹਾਂ ਸਮਿਆਂ ਵਿੱਚ ਉਸ ਨੂੰ ਸਕੂਲ ਪੜ੍ਹਨ ਲਾਇਆ ਹੋਇਆ ਸੀ, ਜਦੋਂ ਉਸ ਬਰਾਦਰੀ ਦੇ ਲੋਕ ਧੀਆਂ ਭੈਣਾਂ ਨੂੰ ਸੱਤ ਪਰਦਿਆਂ ਵਿੱਚ ਕੱਜ ਕੱਜ ਕੇ ਰੱਖਦੇ ਸਨ। ਉਹ ਟਾਂਗੇ 'ਤੇ ਸਕੂਲ ਜਾਂਦੀ ਸੀ। ਮਾਹੀਆ ਗੁਰਬਤ ਦਾ ਸਤਾਇਆ ਕਸ਼ਮੀਰੀ ਲੜਕਾ ਸੀ ਜੋ ਰੋਜ਼ੀ ਰੋਟੀ ਦੀ ਭਾਲ ਵਿੱਚ ਗੁਜਰਾਤ ਆਇਆ ਸੀ ਅਤੇ ਕਿਸੇ ਤੰਦੂਰ ਵਾਲੇ ਕੋਲ ਕੰਮ ਕਰਦਾ ਸੀ। ਕੰਮ ਕਰਦਿਆਂ ਮਾਹੀਆ ਟੱਪੇ ਗਾਉਂਦਾ ਰਹਿੰਦਾ। ਉਹਦੀ ਮਿੱਠੀ ਆਵਾਜ਼ ਰਾਹਗੀਰਾਂ ਨੂੰ ਰੋਕ ਲੈਂਦੀ। ਤੰਦੂਰ ਵਾਲ਼ੇ ਦਾ ਕੰਮ ਵਾਹਵਾ ਚੱਲ ਰਿਹਾ ਸੀ। ਮਾਹੀਏ ਦੁਆਲੇ ਪ੍ਰਸ਼ੰਸਕਾਂ ਦੀ ਭੀੜ ਜੁੜੀ ਰਹਿੰਦੀ। ਇਨ੍ਹਾਂ ਮਜਲਿਸਾਂ ਤੋਂ ਮਾਲਕ ਔਖਾ ਹੋ ਜਾਂਦਾ। ਇਨ੍ਹਾਂ ਪ੍ਰਸ਼ੰਸਕਾਂ ਵਿੱਚ ਟਾਂਗੇ ਵਾਲੇ ਬਹੁਤੇ ਹੁੰਦੇ। ਅਖ਼ੀਰ ਇੱਕ ਦਿਨ ਤੰਦੂਰ ਵਾਲੇ ਨੇ ਮਾਹੀਏ ਨੂੰ ਕੰਮ ਤੋਂ ਹਟਾ ਦਿੱਤਾ। ਉਹ ਘੋਰ ਨਿਰਾਸ਼ਾ ਦੇ ਆਲਮ ਵਿੱਚ ਟਾਂਗੇ ਵਾਲੇ ਦੋਸਤਾਂ ਕੋਲ ਜਾ ਬਹਿੰਦਾ। ਉਸ ਦੀ ਅਵਾਜ਼ ਦੇ ਮੋਹੇ ਉਹਦੇ ਮਿੱਤਰ-ਪਿਆਰਿਆਂ ਨੇ ਪੈਸੇ ਇਕੱਠੇ ਕਰਕੇ ਉਸ ਨੂੰ ਟਾਂਗਾ ਲੈ ਦਿੱਤਾ। ਇੱਕ ਲੋਹੜੇ ਦਾ ਰੂਪ ਦੂਜੀ ਸੁਰੀਲੀ ਆਵਾਜ਼, ਉਹਦਾ ਟਾਂਗਾ ਦਿਨਾਂ ਵਿੱਚ ਮਸ਼ਹੂਰ ਹੋ ਗਿਆ।

ਇੱਕ ਘਰ ਕੋਲੋਂ ਲੰਘਦਿਆਂ ਉਸ ਨੂੰ ਕਿਸੇ ਲੜਕੀ ਦੇ ਕੁਝ ਗੁਣਗੁਣਾਉਣ ਦੀ ਬੜੀ ਹੀ ਸੁਰੀਲੀ ਅਵਾਜ਼ ਸੁਣਾਈ ਦਿੰਦੀ। ਇਤਫ਼ਾਕਵੱਸ ਇੱਕ ਦਿਨ ਘਰਦੇ ਮਾਲਕਾਂ ਨੇ ਉਸ ਕੁੜੀ ਨੂੰ ਸਕੂਲ ਜਾਣ ਲਈ ਮਾਹੀਏ ਦੇ ਟਾਂਗੇ ਵਿੱਚ ਬਿਠਾਇਆ। ਇਹ ਇਕਬਾਲ ਬਾਨੋ ਸੀ ਜੋ ਬਾਅਦ ਵਿੱਚ 'ਬਾਲੋ' ਬਣ ਗਈ। ਬਾਲੋ ਨੇ ਮਾਹੀਏ ਨੂੰ ਪੈਸੇ ਦੇਣੇ ਚਾਹੇ ਪਰ ਉਸ ਨੇ ਇਨਕਾਰ ਕਰ ਦਿੱਤਾ। ਸਾਰਾ ਦਿਨ ਮਾਹੀਆ ਸਕੂਲ ਦੇ ਨੇੜੇ ਘੁੰਮਦਾ ਰਿਹਾ, ਮਤੇ ਬਾਲੋ ਕਿਸੇ ਹੋਰ ਟਾਂਗੇ 'ਤੇ ਵਾਪਸ ਘਰ ਨਾ ਚਲੀ ਜਾਵੇ। ਵਾਪਸੀ 'ਤੇ ਵੀ ਉਹ ਮਾਹੀਏ ਦੇ ਟਾਂਗੇ ਵਿੱਚ ਹੀ ਘਰ ਗਈ। ਬਾਲੋ ਦੇ ਮਾਪਿਆਂ ਬਾਲੋ ਨੂੰ ਸਕੂਲ ਛੱਡਣ ਤੇ ਲਿਆਉਣ ਲਈ ਮਾਹੀਏ ਦਾ ਟਾਂਗਾ ਪੱਕਾ ਹੀ ਲਾ ਲਿਆ। ਮਾਹੀਆ ਆਉਂਦਾ ਜਾਂਦਾ ਟੱਪੇ ਗਾਉਂਦਾ ਤੇ ਬਾਲੋ ਉਸ 'ਤੇ ਕੁਰਬਾਨ ਹੋ-ਹੋ ਜਾਂਦੀ। ਬਾਲੋ ਬੁਰਕੇ ਵਿੱਚ ਛੁਪੀ ਹੁੰਦੀ ਪਰ ਉਸ ਦੀ ਖ਼ੂਬਸੂਰਤੀ ਦੀ ਝਲਕ ਉਸ ਦੇ ਗੋਰੇ ਚਿੱਟੇ ਹੱਥਾਂ ਪੈਰਾਂ ਤੋਂ ਝਲਕਦੀ ਰਹਿੰਦੀ। ਉਹ ਕਦੇ ਦੋ ਬੋਲ ਵੀ ਸਾਂਝੇ ਕਰ ਲੈਂਦੇ। ਕਿਹਾ ਜਾਂਦਾ ਹੈ, ਇਸ਼ਕ-ਮੁਸ਼ਕ ਛੁਪਾਇਆ ਨਹੀਂ ਛੁਪਦਾ। ਸੋ, ਉਨ੍ਹਾਂ ਦੇ ਦਿਲਾਂ ਵਿੱਚ ਮੁਹੱਬਤ ਦਾ ਧੂੰਆਂ ਉੱਠਣ ਲੱਗਾ ਜਾਂ ਰੂਹ ਵਿੱਚ ਪ੍ਰੇਮ ਦੀ ਕਸਤੂਰੀ ਮਹਿਕਣ ਲੱਗੀ। ਇਸ ਸੱਚੇ-ਸੁੱਚੇ ਇਸ਼ਕ ਦੀ ਮੁਸ਼ਕ ਵੀ ਗਲੀਆਂ ਵਿੱਚ ਫੈਲਦੀ ਹੋਈ ਬਾਲੋ ਦੇ ਘਰ ਫੈਲ ਗਈ, ਪਰ ਉਹ ਮੁਸ਼ਕ ਘਰ ਵਿੱਚ ਮਹਿਕੀ ਨਹੀਂ ਬਲਕਿ ਕੌੜਾ ਧੂੰਆਂ ਹੋ ਕੇ ਫੈਲ ਗਈ, ਜਿਸ ਨਾਲ ਬਾਲੋ ਦਾ ਪ੍ਰੇਮ ਭਰਿਆ ਦਿਲ ਘੁੱਟ ਕੇ ਰਹਿ ਗਿਆ। ਬਾਲੋ ਦਾ ਸਕੂਲ ਜਾਣਾ ਬੰਦ ਕਰ ਦਿੱਤਾ ਗਿਆ। ਮਾਹੀਏ 'ਤੇ ਸਖ਼ਤ ਨਜ਼ਰ ਰੱਖੀ ਜਾਣ ਲੱਗੀ। ਉਸ ਨੂੰ ਨੂੰ ਬਾਲੋ ਦੇ ਘਰ ਦੇ ਨੇੜੇ ਨਾ ਫਟਕਣ ਦਿੱਤਾ ਜਾਂਦਾ। ਬਾਲੋ ਦੇ ਮਾਪਿਆਂ ਮਾਹੀਏ ਦੀ ਬਹੁਤ ਕੁੱਟਮਾਰ ਕੀਤੀ। ਉਹ ਨਿਰਾਸ਼ਾ ਦੇ ਆਲਮ ਵਿੱਚ ਘਿਰਿਆ ਆਪਣੇ ਕਮਰੇ ਵਿੱਚ ਲੰਮਾ ਪਿਆ ਹਿਜ਼ਰ ਦੀ ਅੱਗ 'ਚ ਸੜਦਾ ਰਹਿੰਦਾ। ਉਸ ਟਾਂਗਾ ਵੀ ਕਿਸੇ ਦੋਸਤ ਦੇ ਹਵਾਲੇ ਕਰ ਦਿੱਤਾ। ਬਾਲੋ ਦਾ ਵੀ ਇਹੋ ਹਾਲ ਸੀ।

ਅਖ਼ੀਰ ਇੱਕ ਦਿਨ ਬਾਲੋ ਆਪਣੇ ਮਾਹੀਏ ਦੇ ਪ੍ਰੇਮ ਦੀ ਖਿੱਚੀ ਕਿਸੇ ਤਰ੍ਹਾਂ ਘਰੋਂ ਚਲੀ ਗਈ ਅਤੇ ਮਾਹੀਏ ਨਾਲ ਵਿਆਹ ਕਰਵਾ ਲਿਆ। ਬਾਲੋ ਦਾ ਘਰੋਂ ਭੱਜ ਜਾਣਾ ਮਾਪਿਆਂ ਲਈ ਬਹੁਤ ਵੱਡੀ ਚਣੌਤੀ ਸੀ ਅਤੇ ਇੱਜ਼ਤ 'ਤੇ ਧੱਬਾ ਵੀ, ਕਿਉਂਕਿ ਸਮਾਜ ਇਨ੍ਹਾਂ ਰੂਹ ਦੇ ਰਿਸ਼ਤਿਆਂ ਨੂੰ ਨਹੀਂ, ਧਨ ਦੌਲਤ ਤੇ ਮਹਿਲ-ਮਾੜੀਆਂ ਨੂੰ ਪਹਿਲ ਦਿੰਦਾ ਹੈ। ਬਾਲੋ, ਅਮੀਰਾਂ ਦੀ ਧੀ ਸੀ ਤੇ ਮਾਹੀਆ, ਇੱਕ ਮਿਹਨਤਕਸ਼ ਇਨਸਾਨ। ਤਕੜਿਆਂ ਤਾਕਤ ਦੇ ਜ਼ੋਰ ਬਾਲੋ ਮਾਹੀਏ ਨੂੰ ਫਿਰ ਕਾਬੂ ਕਰ ਲਿਆ। ਬਾਲੋ ਨੂੰ ਫਿਰ ਘਰ ਵਿੱਚ ਬੰਦ ਕਰ ਦਿੱਤਾ ਅਤੇ ਮਾਹੀਏ ਦੀ ਮਾਰ ਕੁਟਾਈ ਕਰਕੇ ਪੁਲੀਸ ਨੂੰ ਦੇ ਦਿੱਤਾ ਤੇ ਫਿਰ ਜੇਲ੍ਹ ਵਿੱਚ ਬੰਦ ਕਰਵਾ ਦਿੱਤਾ। ਮਾਹੀਏ ਦੇ ਮਿੱਤਰ-ਪਿਆਰਿਆਂ ਸਿਰਤੋੜ ਯਤਨ ਕੀਤੇ ਪਰ ਕੇਸ ਚੱਲਣ ਲੱਗਿਆ ਅਤੇ ਪੇਸ਼ੀਆਂ ਪੈਣ ਲੱਗੀਆਂ। ਬਾਲੋ ਜ਼ੋਰਾਵਰ ਮਾਪਿਆਂ ਨਾਲ ਪੇਸ਼ੀ 'ਤੇ ਆਉਂਦੀ, ਪਿੰਜਰੇ ਪਈ ਬੁਲਬੁਲ ਵਾਂਗ। ਮਾਹੀਏ ਦੇ ਟਾਂਗੇ ਵਾਲੇ ਦੋਸਤ ਅਤੇ ਉਸ ਦੀ ਸੁਰੀਲੀ ਆਵਾਜ਼ ਦੇ ਕਦਰਦਾਨ ਇਕੱਠੇ ਹੋ ਕੇ ਪੇਸ਼ੀ 'ਤੇ ਆਉਂਦੇ। ਉੱਥੇ ਬੜਾ ਇਕੱਠ ਹੋ ਜਾਂਦਾ। ਮਾਹੀਏ ਨੂੰ ਜੇ ਵਕੀਲ ਵੱਲੋਂ ਕੋਈ ਸਵਾਲ ਕੀਤਾ ਜਾਂਦਾ ਤਾਂ ਉਹ ਟੱਪਾ ਗਾ ਕੇ ਹੀ ਜਵਾਬ ਦਿੰਦਾ। ਪੇਸ਼ੀ ਨੂੰ 'ਤਰੀਕ' ਵੀ ਕਿਹਾ ਜਾਂਦਾ ਹੈ। ਕਿਹਾ ਜਾਂਦਾ ਹੈ। ਇਹ ਮਸ਼ਹੂਰ ਟੱਪੇ ਮਾਹੀਆ ਪੇਸ਼ੀ ਸਮੇਂ ਗਾਉਂਦਾ -

**ਗੱਡੀ ਚੱਲਦੀ ਏ ਲੀਕਾਂ 'ਤੇ**
**ਅੱਗੇ ਬਾਲੋ ਨਿੱਤ ਮਿਲਦੀ,**
**ਹੁਣ ਮਿਲਦੀ ਤਰੀਕਾਂ 'ਤੇ**
**ਗੱਡੀ ਚੱਲਦੀ ਏ ਤਾਰਾਂ 'ਤੇ**
**ਅੱਗੇ ਮਾਹੀਆ ਨਿੱਤ ਮਿਲਦਾ,**
**ਹੁਣ ਮਿਲਦਾ ਕਰਾਰਾਂ 'ਤੇ।**

ਕਿਹਾ ਜਾਂਦਾ ਹੈ ਇੱਥੇ ਹੀ ਇਕਬਾਲ ਬਾਨੋ 'ਬਾਲੋ' ਬਣ ਗਈ ਤੇ ਮੁਹੰਮਦ ਅਲੀ 'ਮਾਹੀਆ' ਬਣ ਗਿਆ। ਉਸ ਸਮੇਂ ਇੱਕ ਨਾਮਵਾਰ ਸ਼ਾਇਰ ਹੋਇਆ ਜੋ ਸੱਚ ਬੋਲਣ ਅਤੇ ਸੱਚ ਨਾਲ ਖੜ੍ਹਨ ਕਰਕੇ ਕਈ ਵਾਰ ਜੇਲ੍ਹ ਵੀ ਗਿਆ। ਉਸਤਾਦ ਅਮਾਮਦੀਨ ਨਾਂ ਦੇ ਉਸ ਸ਼ਾਇਰ ਨੂੰ ਜਦੋਂ ਬਾਲੋ ਮਾਹੀਏ ਨਾਲ ਹੋਈ ਵਧੀਕੀ ਦਾ ਪਤਾ ਲੱਗਿਆ ਤਾਂ ਉਹ ਉਨ੍ਹਾਂ ਦੇ ਹੱਕ ਵਿੱਚ ਜਾ ਖੜੋਤਾ। ਉਹ ਹਰ ਪੇਸ਼ੀ 'ਤੇ ਆਉਂਦਾ ਅਤੇ ਟੱਪਿਆਂ ਵਿੱਚ ਬਾਲੋ ਮਾਹੀਏ ਦੀ ਮਨੋਦਸ਼ਾ ਬਿਆਨ ਕਰਦਾ ਤੇ ਵਕੀਲਾਂ ਨੂੰ ਵੀ ਸਵਾਲ ਜਵਾਬ ਲਈ ਟੱਪੇ ਲਿਖ ਕੇ ਦਿੰਦਾ। ਵੰਨਗੀ ਵਜੋਂ ਦੋ ਟੱਪੇ ਪੇਸ਼ ਹਨ:–

**ਹਾਰ ਦੀਆਂ ਤਿੰਨ ਲੜੀਆਂ,**
**ਤੇਰਾ ਪਿੱਛਾ ਨਹੀਂ ਛੱਡਣਾ,**
**ਭਾਵੇਂ ਲੱਗ ਜਾਣ ਹੱਥਕੜੀਆਂ।**
**ਦੁੱਖ ਸਾਰੇ ਜਰ ਜਾਂਗੇ।**
**ਤੇਰੇ ਬਿਨਾਂ ਬਾਲੋ ਮੇਰੀਏ,**
**ਅਸੀਂ ਜਿਊਂਦੇ ਈ ਮਰ ਜਾਂਗੇ।**

ਕਾਫ਼ੀ ਦੇਰ ਮੁਕੱਦਮਾ ਚੱਲਿਆ ਤੇ ਅਖ਼ੀਰ ਉਨ੍ਹਾਂ ਬਿਰਹੋਂ ਕੁੱਠੇ ਪ੍ਰੇਮੀ ਜਿਊੜਿਆਂ ਦੀ ਹੂਕ ਰੱਬ ਦੀ ਦਰਗਾਹ ਵਿੱਚ ਸੁਣੀ ਗਈ ਅਤੇ ਫ਼ੈਸਲਾ ਉਨ੍ਹਾਂ ਦੇ ਹੱਕ ਵਿੱਚ ਹੋਇਆ। ਕਚਹਿਰੀ ਵਿੱਚੋਂ ਹੀ ਬਾਲੋ ਮਾਹੀਆ ਟਾਂਗੇ 'ਤੇ ਬੈਠ ਕੇ ਟੱਪੇ ਗਾਉਂਦੇ ਮਾਹੀਏ ਦੇ ਘਰ ਪੁੱਜ ਗਏ। ਬਾਲੋ ਦੇ ਮਾਪਿਆਂ ਤੋਂ ਉਨ੍ਹਾਂ ਦਾ ਮਿਲਾਪ ਬਰਦਾਸ਼ਤ ਨਹੀਂ ਸੀ ਹੋ ਰਿਹਾ ਅਤੇ ਉਹ ਸਮੇਂ ਸਮੇਂ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਰਹਿੰਦੇ। ਅਖੀਰ ਉਹ ਗੁਜਰਾਤ ਸ਼ਹਿਰ ਛੱਡ ਕੇ ਲਾਹੌਰ ਜਾ ਵੱਸੇ। ਰੋਜ਼ੀ ਰੋਟੀ ਲਈ ਮਾਹੀਆ ਟਾਂਗਾ ਚਲਾਉਂਦਾ ਤੇ ਬਾਲੋ ਨੇ ਸਟੇਜ 'ਤੇ ਛੋਟੇ-ਮੋਟੇ ਰੋਲ ਕਰਨੇ ਸ਼ੁਰੂ ਕਰ ਦਿੱਤੇ। ਵਧੀਆ ਅਦਾਕਾਰੀ ਅਤੇ ਖ਼ੂਬਸੂਰਤੀ ਦੀ ਬਦੌਲਤ ਉਸ ਨੂੰ 'ਹੀਰ ਸਿਆਲ' ਫ਼ਿਲਮ ਵਿੱਚ ਹੀਰ ਦਾ ਰੋਲ ਮਿਲਿਆ। ਇਹ ਫ਼ਿਲਮ ਬਹੁਤ ਮਕਬੂਲ ਹੋਈ। ਬਾਲੋ ਨੂੰ 'ਸੱਸੀ-ਪੁਨੂੰ' ਫ਼ਿਲਮ 'ਚ ਸੱਸੀ ਦੇ ਰੋਲ ਲਈ ਚੁਣਿਆ ਗਿਆ ਪਰ ਬਹੁਤ ਮਿਹਨਤ-ਮੁਸ਼ੱਕਤ ਅਤੇ ਪਹਿਲਾਂ ਹੰਢਾਏ ਦਰਦ-ਏ-ਦਿਲ ਨੇ ਉਸ ਦੀ ਸਿਹਤ ਖ਼ਰਾਬ ਕਰ ਦਿੱਤੀ ਸੀ। ਇਨ੍ਹਾਂ ਹੀ ਦਿਨਾਂ ਵਿੱਚ ਬਾਲੋ ਨੇ ਇੱਕ ਖ਼ੂਬਸੂਰਤ ਬੱਚੀ ਨੂੰ ਜਨਮ ਦਿੱਤਾ। ਸੰਨ 1942 ਵਿੱਚ ਉਹ ਆਪਣੀ ਬੱਚੀ ਤੇ ਆਪਣੇ ਉਸ ਮਾਹੀਏ ਨੂੰ, ਜਿਸ ਲਈ ਉਸ ਨੇ ਬੜੀਆਂ ਦੁਸ਼ਵਾਰੀਆਂ ਤੇ ਰੁਸਵਾਈਆਂ ਝੱਲੀਆਂ ਸਨ, ਸਦਾ ਲਈ ਛੱਡ ਕੇ ਇਸ ਬੇਦਰਦ ਦੁਨੀਆਂ ਤੋਂ ਤੁਰ ਗਈ।

ਇਸ ਸਦਮੇ ਨੇ ਮਾਹੀਏ ਨੂੰ ਧੁਰ ਅੰਦਰ ਤਕ ਹਿਲਾ ਕੇ ਰੱਖ ਦਿੱਤਾ। ਉਹ ਨਿੱਕੀ ਬੱਚੀ ਨੂੰ ਆਪਣੀ ਮਾਂ ਕੋਲ ਗੁਜਰਾਤ ਛੱਡ ਆਇਆ ਅਤੇ ਬਾਲੋ ਦੇ ਵਿਛੋੜੇ ਵਿੱਚ ਦਿਨ-ਰਾਤ ਸ਼ਰਾਬ ਪੀਣ ਲੱਗਿਆ। ਉਹ ਦੀਵਾਨਾ ਹੋਇਆ ਗਲੀਆਂ ਵਿੱਚ ਇਹ ਟੱਪਾ ਗਾਉਂਦਾ ਫਿਰਦਾ:–

**ਬਸ ਨੌਂ ਸੋ ਛਿਆਹਠ ਆਈ,**
**ਉਦੋਂ ਅਸੀਂ ਉੱਜੜ ਗਏ,**
**ਜਦੋਂ ਵੱਸਣੇ ਦੀ ਜਾਚ ਆਈ।**

ਮਾਹੀਆ ਥੋੜ੍ਹਾ ਸੰਭਲਿਆ ਤਾਂ ਉਸ ਨੂੰ ਬਾਲੋ ਨੂੰ ਦਿੱਤਾ ਕੌਲ ਯਾਦ ਆਇਆ। ਉਸ ਨੇ ਆਪਣੀ ਧੀ ਨੂੰ ਵਾਪਸ ਲਾਹੌਰ ਲਿਆਂਦਾ ਅਤੇ ਬਾਲੋ ਦੇ ਕਹਿਣ ਅਨੁਸਾਰ ਉਸ ਨੂੰ ਚੰਗੀ ਤਾਲੀਮ ਦਿਵਾਈ। ਉਹ ਆਪਣੀ ਧੀ ਨੂੰ ਵਧੀਆ ਅਦਾਕਾਰਾ ਬਣਾਉਣਾ ਚਾਹੁੰਦੀ ਸੀ। ਜਵਾਨ ਹੋ ਕੇ ਬਾਲੋ ਮਾਹੀਏ ਦੀ ਬੱਚੀ ਮੁਖਤਿਆਰਾ ਤੋਂ 'ਸਬੀਹਾ' ਬਣ ਗਈ ਅਤੇ ਉੱਚ ਕੋਟੀ ਦੀ ਅਦਾਕਾਰਾ ਵੀ। 'ਵਾਅਦਾ' ਫ਼ਿਲਮ ਵਿੱਚ ਸਬੀਹਾ ਨੂੰ 'ਸਰਬੋਤਮ ਕਲਾਕਾਰ' ਦਾ ਇਨਾਮ ਮਿਲਿਆ। ਸਬੀਹਾ ਨੇ 'ਦੁੱਲਾ ਭੱਟੀ' ਫ਼ਿਲਮ ਵਿੱਚ ਵੀ ਕੰਮ ਕੀਤਾ। ਉਸ ਫ਼ਿਲਮ ਦਾ ਇੱਕ ਗੀਤ, ਲੋਕੀਂ ਅੱਜ ਵੀ ਯਾਦ ਕਰਦੇ ਹਨ–

**ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ,**
**ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ।**

ਬਾਲੋ ਦੇ ਵਿਛੋੜੇ ਦਾ ਸੱਲ੍ਹ ਨਾ ਸਹਾਰਦਾ ਹੋਇਆ, ਮਾਹੀਆ ਵੀ ਕੇਵਲ 55 ਕੁ ਸਾਲ ਦੀ ਉਮਰ ਵਿੱਚ ਸੰਨ 1960 ਵਿੱਚ ਇਸ ਦੁਨੀਆਂ ਨੂੰ ਅਲਵਿਦਾ ਆਖ ਗਿਆ। ਉਨ੍ਹਾਂ ਦੀ ਧੀ ਸਬੀਹਾ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲੀ। ਐਨਾ ਹੀ ਪਤਾ ਚੱਲਿਆ ਕਿ ਉਸ ਨੇ ਕਿਸੇ ਸੰਤੋਸ਼ ਨਾਂ ਦੇ ਲੜਕੇ ਨਾਲ਼ ਵਿਆਹ ਕੀਤਾ ਅਤੇ ਫਿਰ ਅਮਰੀਕਾ ਜਾ ਵੱਸੀ। ਜੋ ਦਰਦ ਅਵੱਲੜੇ ਬਾਲੋ ਮਾਹੀਏ ਨੇ ਦਿਲਾਂ 'ਤੇ ਹੰਢਾਏ, ਉਹ ਟੱਪਿਆਂ ਅਤੇ ਬਾਲੋ ਮਾਹੀਏ ਨੂੰ ਸਦਾ ਲਈ ਅਮਰ ਕਰ ਗਏ। ਉਨ੍ਹਾਂ ਦੇ ਗਾਏ ਟੱਪੇ ਪੱਛਮੀ ਪੰਜਾਬੀ (ਪਾਕਿਸਤਾਨ) ਵਿੱਚ ਗਾਏ ਜਾਂਦੇ ਲੋਕ ਗੀਤਾਂ ਨਾਲੋਂ ਵੀ ਵੱਧ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਹੋਏ ਹਨ, ਜਿਨ੍ਹਾਂ ਵਿੱਚੋਂ ਕੁਝ ਕੁ ਪਾਠਕਾਂ ਦੀ ਨਜ਼ਰ ਕਰ ਰਹੀ ਹਾਂ–

**ਕਾਲੇ ਰੰਗ ਦੇ ਮਲੋਕ ਹੁੰਦੇ,**
**ਲੱਗੀਆਂ ਨਹੀਂ ਭੁੱਲਦੇ,**
**ਜਿਹੜੇ ਅਸਲੀ ਲੋਕ ਹੁੰਦੇ।**
**ਕੋਈ ਬੱਕਰਾ ਥਲ ਮੋਇਆ,**
**ਮਸਲਾ ਇਸ਼ਕੇ ਦਾ,**
**ਨਹੀਂ ਦੁਨੀਆਂ ਤੋਂ ਹੱਲ ਹੋਇਆ।**
**ਮੁੱਠੀ ਭਰੀ ਹੋਈ ਕਲੀਆਂ ਦੀ,**
**ਯਾਰ ਗੁਆ ਬੈਠੀ ਆਂ,**
**ਨਹੀਂ ਸੀ ਵਾਕਿਫ਼ ਗਲੀਆਂ ਦੀ।**
**ਹੱਟੀਆਂ 'ਤੇ ਨੀਲ ਆਇਆ,**
**ਓਦੋਂ ਸਾਨੂੰ ਮਾਹੀ ਮਿਲਿਆ,**
**ਜਦੋਂ ਵਕਤ ਅਖ਼ੀਰ ਆਇਆ।**
**ਵਿੱਚ ਕਬਰ ਖ਼ਿਆਲ ਆਇਆ,**
**ਰੂਹ ਕੋਲੋਂ ਬੁੱਤ ਪੁੱਛਦਾ,**
**ਮਾਹੀ ਕਿੱਥੋਂ ਤੀਕ ਨਾਲ ਆਇਆ।**

ਇਹ ਆਖਰੀ ਟੱਪਾ ਤਾਂ ਜਿਵੇਂ ਬਾਲੋ ਮਾਹੀਏ ਦੀ ਗੂੜ੍ਹੀ ਮੁਹੱਬਤ ਅਤੇ ਵਿਛੋੜੇ ਵਿੱਚੋਂ ਨਿੱਕਲਿਆ ਹਉਕਾ ਹੈ, ਕੋਈ ਹੂਕ ਹੈ।

---

ਪੰਜਾਬੀ ਸੱਭਿਆਚਾਰ ਨੂੰ ਸਮਰਪਿਤ... (4)



## ਪੰਜ ਸਵਾਲ ...?


1. 'ਵਡਿਆਈ' ਕਰਨਾ ਕਿਸ ਨੂੰ ਕਹਿੰਦੇ ਹਨ?
2. 'ਉਲਾਂਭਾ' ਦੇਣਾ ਕਿਸ ਨੂੰ ਕਹਿੰਦੇ ਹਨ?
3. 'ਚੋਬਰ' ਕਿਸ ਨੂੰ ਕਹਿੰਦੇ ਹਨ?
4. 'ਸਰੂਰ' ਕਿਸ ਚੀਜ ਨੂੰ ਕਹਿੰਦੇ ਹਨ?
5. 'ਦਹਾਜੂ' ਕਿਸ ਨੂੰ ਕਹਿੰਦੇ ਹਨ?


'ਚੋਬਰ'

### ਪਿਛਲੇ ਅੰਕ ਵਿੱਚ ਪੁੱਛੇ ਗਏ ਸਵਾਲਾਂ ਦੇ ਸਹੀ ਜਵਾਬ

1. 'ਸਲਾਂਭਾ' ਕਿਸ ਨੂੰ ਕਹਿੰਦੇ ਹਨ ?
ਉੱਤਰ: ਪਾਣੀ ਦੀ ਸਿੱਲ ਜਦੋਂ ਕੰਧਾ ਤੱਕ ਪਹੁੰਚ ਜਾਦੀ ਹੈ ਤਾਂ ਉਸ ਨੂੰ 'ਸਲਾਂਭਾ' ਆ ਗਿਆ ਕਹਿੰਦੇ ਹਨ।
2. 'ਬਰੂ' ਕੀ ਹੁੰਦਾ ਹੈ ?
ਉੱਤਰ: 'ਬਰੂ' ਇੱਕ ਦਰਖਤ ਦਾ ਨਾਮ ਹੈ।
3. 'ਨਸੂੜਾ' ਕਿਸ ਨੂੰ ਕਹਿੰਦੇ ਹਨ ?
ਉੱਤਰ: 'ਨਸੂੜਾ'ਇੱਕ ਦਰਖਤ ਦਾ ਨਾਮ ਹੈ।
4. 'ਧਤੂਰ' ਕਿਸ ਨੂੰ ਕਹਿੰਦੇ ਹਨ ?
ਉੱਤਰ: 'ਧਤੂਰ' ਇੱਕ ਬੂਟੀ ਦਾ ਨਾਮ ਹੈ।
5. 'ਵਾਰਸ਼ ਸ਼ਾਹ' ਕੌਣ ਸੀ ?
ਉੱਤਰ: 'ਵਾਰਸ਼ ਸ਼ਾਹ' ਉਹ ਲੇਖਕ ਹੈ ਜਿਸ ਨੇ 'ਹੀਰ' ਦਾ ਕਿੱਸਾ ਲਿਖਿਆ ਹੈ।








ਪੰਜ ਸਵਾਲ ਪ੍ਰਤੀਯੋਗਤਾ ਵਾਸਤੇ ਜਵਾਬ ਭੇਜਣ ਲਈ ਪਤਾ:
ਪੰਜ ਸਵਾਲ ...? 'ਮਹਿਕ ਵਤਨ ਦੀ' 1195, ਅਜੀਤ ਨਗਰ ਮੋਗਾ-142 001 (ਪੰਜਾਬ)
E-mail: mehakwattandi@rediffmail.com, Help Line: (+91)-9988-92-9988




# ਦੇਸੀ ਘਿਓ ਤੋਂ ਪਰਹੇਜ਼ ਕਿਉਂ?



ਦੁਨੀਆ ਦੇ ਚੋਟੀ ਦੇ ਮੈਡੀਕਲ ਜਰਨਲ ਲੈਨਸਟ ਵਿੱਚ ਛਪੀ ਖੋਜ ਵਿੱਚੋਂ ਸਪਸ਼ਟ ਹੁੰਦਾ ਹੈ ਕਿ ਭਾਰਤ 'ਚੋਂ ਉਤਪੰਨ ਹੋਇਆ ਡਾਕਟਰੀ ਵਿਗਿਆਨ ਹੀ ਅਸਲ ਧੁਰਾ ਹੈ ਜਿੱਥੋਂ ਅਰਬ ਹਮਲਾਵਰਾਂ ਨੇ ਤਰਜਮਾ ਕਰ ਕੇ ਪੂਰੀ ਦੁਨੀਆ ਵਿੱਚ ਪਹੁੰਚਾਇਆ। ਹੁਣ ਉਸੇ ਵਿਗਿਆਨ ਨੂੰ ਅਸੀਂ ਅੰਗਰੇਜ਼ਾਂ ਦੀ ਉਪਜ ਮੰਨਦਿਆਂ ਆਪਣੇ ਨੁਸਖਿਆਂ ਨੂੰ ਖੁੱਡੇ ਲਾ ਕੇ, ਕੰਪਨੀਆਂ ਦੀਆਂ ਮਸ਼ਹੂਰੀਆਂ 'ਤੇ ਨਿਰਭਰ ਹੋ ਕੇ ਅਤੇ ਆਪਣਾ ਵਧੀਆ ਖਾਣ ਪੀਣ ਤਬਦੀਲ ਕਰ ਕੇ ਪੱਛਮੀ ਸੱਭਿਅਤਾ ਦੀ ਰੰਗਤ ਦੇਣ ਲੱਗ ਪਏ ਹਾਂ। ਪੱਛਮੀ ਲੋਕ ਸਾਡੇ ਹੀ ਸੱਤੂਆਂ ਨੂੰ 'ਓਟਮੀਲ' ਦਾ ਨਾਂ ਦੇ ਕੇ ਸਾਨੂੰ 10 ਗੁਣਾਂ ਕੀਮਤ ਉੱਤੇ ਖਰੀਦਣ ਉੱਤੇ ਮਜਬੂਰ ਕਰ ਰਹੇ ਹਨ। ਉਸ ਦੇ ਲੁਭਾਵਣੇ ਨਾਂ ਰੱਖ ਕੇ, ਖੋਜਾਂ ਰਾਹੀਂ ਇਸ ਨੂੰ ਉੱਤਮ ਸਾਬਤ ਕਰ ਕੇ ਸਾਨੂੰ ਹੀ ਖੁਆਉਣ ਲੱਗ ਪਏ ਹਨ। ਅਸੀਂ ਨਾਨੀ-ਦਾਦੀ ਵੱਲੋਂ ਬਣਾਈ ਮੱਕੀ ਦੀ ਰੋਟੀ, ਬਾਜਰੇ ਦੀ ਖੀਰ ਜਾਂ ਰਾਗੀ ਦੀ ਇਡਲੀ ਨੂੰ ਪਿਛਾਂਹ ਖਿੱਚੂ-ਖਾਣਾ ਸਾਬਤ ਕਰ ਕੇ ਤਿਆਗ ਚੁੱਕੇ ਹਾਂ ਤੇ ਬੱਚਿਆਂ ਨੂੰ ਬਰਗਰ, ਨੂਡਲਜ਼ ਤੇ ਪੀਜ਼ੇ ਖੁਆ ਕੇ ਉਨ੍ਹਾਂ ਦੇ ਸਰੀਰਾਂ ਨੂੰ ਰੋਗਾਂ ਦਾ ਪੰਡਾਰ ਬਣਾ ਛੱਡਿਆ ਹੈ। ਇੱਥੋਂ ਤਕ ਕਿ ਸਵੀਡਨ ਵਿੱਚ ਦਹੀਂ ਤੇ ਸ਼ਹਿਦ ਨਾਲ ਬੱਚੇ ਨੂੰ ਨੁਹਾਉਣ ਵਾਸਤੇ ਹਜ਼ਾਰ ਰੁਪਏ ਦੀ ਸ਼ੀਸ਼ੀ ਵੀ ਬਜ਼ਾਰ ਵਿੱਚ ਵਿਕਣ ਲਈ ਤਿਆਰ ਹੋਈ ਪਈ ਹੈ। ਅਸੀਂ ਆਪਣੇ ਬੱਚਿਆਂ ਨੂੰ ਘਰ ਦਾ ਦਹੀਂ ਛੱਡ ਕੇ ਸਵੀਡਨ ਦੇ ਬਣੇ ਸਾਬਣ ਨਾਲ ਨੁਹਾਉਣ ਨੂੰ ਕਾਹਲੇ ਹਾਂ।

ਪੱਛਮੀ ਲੋਕਾਂ ਵਿੱਚ ਵਧ ਰਹੇ ਦਿਲ ਦੇ ਰੋਗ, ਸ਼ੱਕਰ ਰੋਗ, ਕੈਂਸਰ, ਬਲੱਡ ਪਰੈਸ਼ਰ ਤੇ ਮੋਟਾਪਾ ਚਿੰਤਾ ਦਾ ਵਿਸ਼ਾ ਬਣ ਚੁੱਕੇ ਹਨ। ਇਸੇ ਲਈ ਉਨ੍ਹਾਂ ਮੁਲਕਾਂ ਵਿੱਚ ਭਾਰਤੀ ਖਾਣਿਆਂ 'ਤੇ ਖੋਜ ਆਰੰਭੀ ਗਈ ਕਿਉਂਕਿ ਏਥੇ ਏਨੀ ਵੱਡੀ ਮਾਤਰਾ ਵਿੱਚ ਉਦੋਂ ਸ਼ੱਕਰ ਰੋਗੀ ਨਹੀਂ ਸਨ।

ਮੌਜੂਦਾ ਖੋਜ ਇੱਕੋ ਸਮੇਂ 18 ਮੁਲਕਾਂ ਵਿੱਚ ਆਰੰਭੀ ਗਈ। ਉਸ ਵਿੱਚ ਵੱਖ ਵੱਖ ਤਰ੍ਹਾਂ ਦੇ ਘਿਓ, ਤੇਲ, ਕਾਰਬੋਹਾਈਡਰੇਟਸ ਤੇ ਪ੍ਰੋਟੀਨ ਦੀ ਵਰਤੋਂ ਅਤੇ ਉਨ੍ਹਾਂ ਦੇ ਸਿਹਤ ਉੱਤੇ ਪੈਂਦੇ ਅਸਰ ਵੇਖੇ ਗਏ। ਇਸ ਵਿੱਚ ਦਿਲ ਦੀਆਂ ਬੀਮਾਰੀਆਂ ਤੇ ਉਨ੍ਹਾਂ ਸਦਕਾ ਹੋਈਆਂ ਮੌਤਾਂ ਬਾਰੇ ਵੀ ਨਤੀਜੇ ਕੱਢੇ ਗਏ। ਦਸ ਸਾਲਾਂ ਤਕ (2003 ਤੋਂ 2013) ਚੱਲੀ ਇਸ ਖੋਜ ਵਿੱਚ 35 ਤੋਂ 70 ਸਾਲਾਂ ਦੀਆਂ ਔਰਤਾਂ ਤੇ ਪੁਰਸ਼ ਸ਼ਾਮਲ ਕੀਤੇ ਗਏ। ਇਸ ਖੋਜ ਦੌਰਾਨ 5,796 ਮੌਤਾਂ ਹੋਈਆਂ ਅਤੇ 4,784 ਹਾਰਟ ਅਟੈਕ ਤੇ ਅਧਰੰਗ ਦੇ ਮਰੀਜ਼ ਸਾਹਮਣੇ ਆਏ। ਕੁੱਲ ਇੱਕ ਲੱਖ 35 ਹਜ਼ਾਰ ਤਿੰਨ ਸੌ ਪੈਂਤੀ ਲੋਕਾਂ ਦਾ ਖਾਣ ਪੀਣ ਦਾ ਰਿਕਾਰਡ ਰੱਖਿਆ ਗਿਆ ਅਤੇ ਉਨ੍ਹਾਂ ਦਾ ਪੂਰਾ ਚੈੱਕਅੱਪ ਵੀ ਲਗਾਤਾਰ ਕੀਤਾ ਗਿਆ ਸੀ।

**ਖੋਜ ਦੇ ਨਤੀਜੇ :** ਇਸ ਖੋਜ ਦੇ ਨਤੀਜਿਆਂ ਨੇ ਹੁਣ ਤਕ ਦੇ ਖਾਣ ਪੀਣ ਉੱਤੇ ਲਾਈਆਂ ਰੋਕਾਂ ਉੱਤੇ ਵੱਡਾ ਕਿੰਤੂ ਪਰੰਤੂ ਖੜ੍ਹਾ ਕਰ ਦਿੱਤਾ ਹੈ। ਪਹਿਲਾਂ ਦੀਆਂ ਖੋਜਾਂ ਅਨੁਸਾਰ ਥਿੰਦਾ, ਖਾਸ ਕਰ ਦੇਸੀ ਘਿਓ ਨੂੰ ਦਿਲ ਲਈ ਹਾਨੀਕਾਰਕ ਦੱਸ ਕੇ ਰੀਫਾਇੰਡ ਤੇਲਾਂ ਵਲ ਵੱਧ ਝੁਕਾਓ ਬਣਾ ਦਿੱਤਾ ਗਿਆ ਸੀ। ਇਸ ਵਾਸਤੇ ਮੀਡੀਆ ਰਾਹੀਂ ਇੰਨੀ ਇਸ਼ਤਿਹਾਰਬਾਜ਼ੀ ਕੀਤੀ ਗਈ ਕਿ ਮਸ਼ਹੂਰੀ ਦੇ ਆਧਾਰ ਉੱਤੇ ਹੀ ਮਲੇਸ਼ੀਆ ਨੇ 'ਪਾਮ ਤੇਲ' ਭਾਰਤੀਆਂ ਨੂੰ ਵੇਚ ਕੇ ਆਪਣੀ ਅਰਥ-ਵਿਵਸਥਾ ਮਜ਼ਬੂਤ ਕਰ ਲਈ। ਹਰ ਅਖ਼ਬਾਰ, ਕਿਤਾਬ, ਜਰਨਲ ਵਿੱਚ ਖਾਣੇ ਵਿੱਚ ਘਿਓ ਤੇ ਤੇਲ ਦੀ ਮਾਤਰਾ ਸਿਰਫ਼ 30 ਫ਼ੀਸਦੀ, ਜਿਸ ਵਿੱਚ ਦੇਸੀ ਘਿਓ 10 ਫ਼ੀਸਦੀ ਤੋਂ ਵੀ ਘੱਟ ਵਰਤੋਂ ਕਰਨ ਬਾਰੇ ਜ਼ੋਰ ਦਿੱਤਾ ਗਿਆ। ਇਸ ਇਸ਼ਤਿਹਾਰਬਾਜ਼ੀ ਨੇ ਦੇਸੀ ਘਿਓ ਨੂੰ ਪਿਛਾਂਹ ਧੱਕ ਕੇ ਵੱਖ ਵੱਖ ਰੀਫਾਇੰਡ ਤੇਲਾਂ ਦੇ ਕਾਰੋਬਾਰ ਨੂੰ ਖਰਬਾਂ ਦਾ ਮੁਨਾਫ਼ਾ ਦੁਆਇਆ।

ਮੈਡੀਕਲ ਜਰਨਲਾਂ ਵਿੱਚ ਛਪੀਆਂ ਖੋਜਾਂ ਨੇ ਡਾਕਟਰਾਂ ਨੂੰ ਵੀ ਆਪੋ ਆਪਣੇ ਮਰੀਜ਼ਾਂ ਨੂੰ ਘੱਟ ਘਿਓ ਦੀ ਵਰਤੋਂ ਕਰਨ ਦੀ ਸਲਾਹ ਦੇਣ ਲਈ ਮਜਬੂਰ ਕਰ ਦਿੱਤਾ। ਬਾਅਦ ਵਿੱਚ ਇਹ ਤੱਥ ਸਾਹਮਣੇ ਆਇਆ ਕਿ ਇਸ ਵਾਸਤੇ ਕੰਪਨੀਆਂ ਵੱਲੋਂ ਦਿੱਤੇ ਪੈਸਿਆਂ ਨਾਲ ਖੋਜਾਂ ਕਰਵਾਈਆਂ ਗਈਆਂ, ਜਿਨ੍ਹਾਂ ਨੇ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ ਦਾ ਐਸਾ ਹਊਆ ਬਣਾ ਕੇ ਪੇਸ਼ ਕੀਤਾ ਕਿ ਆਮ ਬੰਦਾ ਦਿਨ ਰਾਤ ਲੈਬਾਰਟਰੀਆਂ ਵਿੱਚੋਂ ਟੈਸਟ ਕਰਵਾ ਕੇ ਡਾਕਟਰਾਂ ਤੋਂ ਚੰਗੇ ਮਾੜੇ ਕੋਲੈਸਟਰੋਲ ਦੇ ਵਾਧੇ ਘਾਟੇ ਬਾਰੇ ਪੁੱਛਦਾ ਹੀ ਗੁੰਮ ਹੋ ਕੇ ਰਹਿ ਗਿਆ। ਇਸ ਸਾਰੇ ਰੌਲੇ ਗੌਲੇ ਵਿੱਚ ਸਭ ਤੋਂ ਵੱਧ ਮਾਰ ਦੇਸੀ ਘਿਓ ਨੂੰ ਪਈ। ਪਿੰਡਾਂ ਵਿੱਚ ਘਰ ਦਾ ਘਿਓ, ਮੱਖਣ ਛੱਡ ਕੇ ਮੁੱਲ ਖਰੀਦਿਆ ਰੀਫਾਇੰਡ ਤੇਲ, ਕਨੋਲਾ ਤੇਲ ਤੇ ਓਲਿਵ ਤੇਲ ਵਰਤਣ ਦਾ ਭੂਤ ਸਵਾਰ ਹੋ ਗਿਆ।

ਕੈਨੇਡੀਅਨ ਇੰਸਟੀਚਿਊਟ ਆਫ ਹੈਲਥ ਰੀਸਰਚ ਵੱਲੋਂ ਕੀਤੇ ਖ਼ਰਚੇ ਰਾਹੀਂ ਪੂਰੀ ਕੀਤੀ ਖੋਜ, ਜਿਸ ਵਿੱਚ ਓਨਟਾਰੀਓ ਮਿਨਿਸਟਰੀ ਆਫ਼ ਹੈਲਥ ਨੇ ਵੀ ਗਰਾਂਟਾਂ ਦਿੱਤੀਆਂ, ਵਿੱਚ ਅਰਜਨਟੀਨਾ, ਬੰਗਲਾ ਦੇਸ਼, ਬਰਾਜ਼ੀਲ, ਕੈਨੇਡਾ, ਦਿੱਲੀ, ਚੀਨ, ਕੋਲੰਬੀਆ, ਭਾਰਤ, ਮਲੇਸ਼ੀਆ, ਪੈਲਸਟੀਨ, ਪੋਲੈਂਡ, ਸਾਊਥ ਅਫਰੀਕਾ, ਨੀਦਰਲੈਂਡ, ਸਵੀਡਨ, ਤੁਰਕੀ ਤੇ ਦੁਬਈ ਸਮੇਤ ਕਈ ਮੁਲਕਾਂ ਤੇ ਸਿਹਤ ਸੰਸਥਾਵਾਂ ਨੇ ਰਲ ਕੇ ਪੁਰਾਣੀ ਖੋਜ ਨੂੰ ਖੰਡਿਤ ਕਰ ਦਿੱਤਾ ਹੈ।

ਨਵੀਂ ਖੋਜ ਮੁਤਾਬਕ ਸਭ ਤੋਂ ਵੱਧ ਮੌਤਾਂ ਉਨ੍ਹਾਂ ਬੰਦਿਆਂ ਦੀਆਂ ਹੋਈਆਂ ਜੋ ਪੂਰੇ ਦਿਨ ਦੇ ਖਾਣੇ ਵਿੱਚ 60 ਫ਼ੀਸਦੀ ਤੋਂ ਵੱਧ ਕਾਰਬੋਹਾਈਡਰੇਟਸ (ਖੰਡ, ਮੈਦਾ, ਕਣਕ ਦਾ ਆਟਾ) ਵਰਤ ਰਹੇ ਸਨ। ਜਿਨ੍ਹਾਂ ਲੋਕਾਂ ਦੇ ਖਾਣੇ ਵਿੱਚ ਰੀਫਾਇੰਡ ਕਾਰਬੋਹਾਈਡਰੇਟਸ (ਖੰਡ, ਸ਼ੱਕਰ, ਗੁੜ, ਮੈਦਾ) ਦੀ ਥਾਂ ਸੈਚੂਰੇਟਿਡ ਥਿੰਦੇ (ਦੇਸੀ ਘਿਓ) ਦੀ ਮਾਤਰਾ ਵੱਧ ਸੀ, ਉਨ੍ਹਾਂ ਲੋਕਾਂ ਵਿੱਚ ਅਧਰੰਗ ਹੋਣ ਦਾ ਖ਼ਤਰਾ ਕਈ ਗੁਣਾਂ ਘਟਿਆ ਲੱਭਿਆ।

ਦੇਸੀ ਘਿਓ ਖਾਣ ਵਾਲਿਆਂ ਦਾ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ ਵਧਿਆ ਹੋਇਆ ਲੱਭਿਆ ਤੇ ਟਰਾਈਗਲਿਸਰਾਈਡ ਘਟੇ ਹੋਏ ਲੱਭੇ। ਯਾਨੀ, ਮਾੜਾ ਤੇ ਚੰਗਾ ਕੋਲੈਸਟਰੋਲ, ਦੋਵੇਂ ਵਧ ਗਏ, ਪਰ ਫਿਰ ਵੀ ਇੰਨੇ ਖ਼ਤਰਨਾਕ ਨਹੀਂ ਸਨ। ਜਿਹੜੇ ਜ਼ਿਆਦਾ ਕਾਰਬੋਹਾਈਡਰੇਟਸ ਵਰਤ ਰਹੇ ਸਨ, ਉਨ੍ਹਾਂ ਦਾ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ, ਦੋਵੇਂ ਘਟ ਗਏ ਸਨ। ਮਤਲਬ ਇਹ ਕਿ ਮੈਦਾ ਤੇ ਖੰਡ ਖਾਣ ਨਾਲ ਜਿੱਥੇ ਮਾੜਾ ਕੋਲੈਸਟਰੋਲ ਵਧ ਗਿਆ, ਉੱਥੇ ਚੰਗਾ ਕੋਲੈਸਟਰੋਲ ਵੀ ਘਟ ਗਿਆ। ਦੇਸੀ ਘਿਓ ਦੀ ਵਰਤੋਂ ਕਰਨ ਵਾਲਿਆਂ ਦੇ ਸਰੀਰਾਂ ਅੰਦਰ ਐਪੋ-ਬੀ/ ਐਪੋ-ਏ 1 ਦੀ ਮਾਤਰਾ ਘਟੀ ਹੋਈ ਲੱਭੀ ਜਿਸ ਨਾਲ ਹਾਰਟ ਅਟੈਕ ਤੇ ਐਨਜਾਈਨਾ ਦਾ ਖ਼ਤਰਾ ਕਈ ਗੁਣਾਂ ਘੱਟ ਹੋ ਗਿਆ।

ਐੱਲ.ਡੀ.ਐੱਲ. ਕੋਲੈਸਟਰੋਲ ਉੱਤੇ ਸਿਰਫ਼ ਖ਼ੁਰਾਕ ਦਾ ਹੀ ਅਸਰ ਨਹੀਂ ਪੈਂਦਾ। ਇਸੇ ਲਈ ਇਕੱਲੀ ਖ਼ੁਰਾਕ ਉੱਤੇ ਹੀ ਹਾਰਟ ਅਟੈਕ ਨਾਲ ਹੋ ਰਹੀਆਂ ਮੌਤਾਂ ਦੀ ਜ਼ਿੰਮੇਵਾਰੀ ਨਹੀਂ ਪਾਈ ਜਾ ਸਕਦੀ। ਤਣਾਓ ਵੀ ਇਕ ਵੱਡਾ ਕਾਰਨ ਉਭਰ ਕੇ ਸਾਹਮਣੇ ਆ ਰਿਹਾ ਹੈ। ਟਰਾਂਸ ਫੈਟ (ਬਜ਼ਾਰੀ ਤਲੇ ਆਲੂ, ਚਿਪਸ, ਬਰਗਰ, ਪਿਜ਼ਾ, ਆਦਿ) ਦਿਲ, ਜਿਗਰ ਅਤੇ ਅੰਤੜੀਆਂ ਲਈ ਹਾਨੀਕਾਰਕ ਸਿੱਧ ਹੋ ਚੁੱਕੇ ਹਨ ਤੇ ਮੋਟਾਪੇ ਨਾਲ ਹੋ ਰਹੀਆਂ ਬੀਮਾਰੀਆਂ ਲਈ ਵੀ। ਜਿਨ੍ਹਾਂ ਨੇ ਦੇਸੀ ਘਿਓ ਛੱਡ ਕੇ ਰੀਫਾਇੰਡ ਘਿਓ ਖਾਣਾ ਸ਼ੁਰੂ ਕੀਤਾ ਸੀ, ਉਨ੍ਹਾਂ ਵਿੱਚ ਵੀ ਮਰਨ ਦਰ ਘਟੀ ਨਹੀਂ। ਵੱਧ ਕਾਰਬੋਹਾਈਡਰੇਟ ਤੇ ਘੱਟ ਥਿੰਦੇ ਵਾਲੀ ਖ਼ੁਰਾਕ ਖਾਣ ਵਾਲਿਆਂ ਵਿੱਚ ਮੌਤ ਦਰ ਵੱਧ ਦਿਸੀ ਪਰ ਹਾਰਟ ਅਟੈਕ ਨਾਲੋਂ ਜ਼ਿਆਦਾ ਸਟਰੋਕ ਜਾਂ ਹੋਰ ਕਾਰਨਾਂ ਕਰ ਕੇ। ਖਾਣੇ ਵਿੱਚ ਥਿੰਦਾ ਨਾ ਬਰਾਬਰ ਕਰਨ ਬਾਅਦ ਵੀ ਮੌਤ ਦਰ ਵਿੱਚ ਕੋਈ ਫ਼ਰਕ ਨਹੀਂ ਦਿਸਿਆ। ਜੇ ਖ਼ੁਰਾਕ ਵਿੱਚ ਘਿਓ ਦੀ ਮਾਤਰਾ 30 ਫ਼ੀਸਦੀ ਦੀ ਥਾਂ ਉੱਤੇ 35 ਫ਼ੀਸਦੀ ਹੋਵੇ, ਤਾਂ ਮੌਤ ਦਰ ਘਟ ਜਾਂਦੀ ਹੈ ਤੇ ਅਧਰੰਗ ਦਾ ਖ਼ਤਰਾ ਵੀ ਘਟ ਜਾਂਦਾ ਹੈ। ਇੰਜ ਦਿਲ ਦੇ ਰੋਗਾਂ ਤੋਂ ਇਲਾਵਾ ਹੋਰ ਕਾਰਨਾਂ ਕਰ ਕੇ ਵੀ ਮੌਤ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਚਿੱਟੇ ਚੌਲ, ਖੰਡ, ਸ਼ੱਕਰ, ਗੁੜ, ਮੈਦਾ ਖਾਣ ਨਾਲ ਮੌਤ ਦਰ ਵਧੀ ਦਿਸੀ ਤੇ ਹਾਰਟ ਅਟੈਕ ਵੀ ਵੱਧ ਹੋਏ ਲੱਭੇ। ਘਿਓ ਨਾਲੋਂ ਮੈਦਾ ਤੇ ਖੰਡ ਕੋਲੈਸਟਰੋਲ ਅਤੇ ਬਲੱਡ ਪਰੈਸ਼ਰ ਉੱਤੇ ਵੱਧ ਮਾੜਾ ਅਸਰ ਪਾਉਂਦੇ ਹਨ। ਜੇ ਦੇਸੀ ਘਿਓ ਖਾਇਆ ਜਾਵੇ ਤਾਂ ਮੌਤ ਦਰ ਤੇ ਅਧਰੰਗ ਦਾ ਖ਼ਤਰਾ ਤਾਂ ਘਟਦਾ ਹੀ ਹੈ, ਦਿਲ ਦੀਆਂ ਬੀਮਾਰੀਆਂ ਤੇ ਹਾਰਟ ਅਟੈਕ ਦਾ ਖ਼ਤਰਾ ਵੀ ਘਟ ਜਾਂਦਾ ਹੈ।

ਖੰਡ, ਗੁੜ, ਸ਼ੱਕਰ, ਮੈਦਾ, ਚਿੱਟੇ ਚੌਲ ਤੇ ਕਣਕ ਦਾ ਬਿਨਾਂ ਛਾਣਬੂਰੇ ਵਾਲਾ ਆਟਾ ਖਾਣ ਨਾਲ ਮੌਤ ਦਰ ਵਧ ਜਾਂਦੀ ਹੈ ਤੇ ਹਾਰਟ ਅਟੈਕ ਦਾ ਖ਼ਤਰਾ ਵੀ ਵਧ ਜਾਂਦਾ ਹੈ। ਕਾਰਬੋਹਾਈਡਰੇਟ ਨਾਲੋਂ ਵੱਧ ਦੇਸੀ ਘਿਓ ਖਾਣ ਨਾਲ ਅਧਰੰਗ ਦਾ ਖ਼ਤਰਾ ਘਟ ਜਾਂਦਾ ਹੈ। ਘਿਓ ਖਾਣ ਨਾਲ ਮੌਤ ਦਰ ਵਧਣ ਦਾ ਕੋਈ ਸੰਬੰਧ ਨਹੀਂ। ਦਿਲ ਦੀਆਂ ਬਿਮਾਰੀਆਂ ਉੱਤੇ ਵੀ ਘਿਓ ਖਾਣ ਨਾਲ ਕੋਈ ਮਾੜਾ ਅਸਰ ਨਹੀਂ ਲੱਭਿਆ। ਲੋੜੋਂ ਵੱਧ ਘਿਓ ਜਾਂ ਤੇਲ ਖਾਣ ਨਾਲ ਮੋਟਾਪਾ ਵਧ ਜਾਂਦਾ ਹੈ ਜੋ ਮੋਟਾਪੇ ਤੋਂ ਹੋਣ ਵਾਲੀਆਂ ਬੀਮਾਰੀਆਂ ਨੂੰ ਸੱਦਾ ਦਿੰਦਾ ਹੈ। ਇਸ ਨਾਲ ਬਾਅਦ ਵਿੱਚ ਸ਼ੱਕਰ ਰੋਗ, ਬਲੱਡ ਪ੍ਰੈਸ਼ਰ ਤੇ ਕੈਂਸਰ ਹੋ ਸਕਦਾ ਹੈ। ਲੋੜੋਂ ਵੱਧ ਹਰ ਚੀਜ਼ ਨੁਕਸਾਨ ਕਰਦੀ ਹੈ। ਇਸੇ ਲਈ ਦੇਸੀ ਘਿਓ ਦੀ ਵਰਤੋਂ ਵੀ ਹਿਸਾਬ ਨਾਲ ਕਰਨੀ ਚਾਹੀਦੀ ਹੈ। ਸਿਰਫ਼ ਓਨਾ ਜਿੰਨਾ ਕਸਰਤ ਨਾਲ ਹਜ਼ਮ ਕੀਤਾ ਜਾ ਸਕੇ। ਵਾਧੂ ਲੂਣ, ਖੰਡ, ਸ਼ੱਕਰ, ਗੁੜ ਤੇ ਮੈਦਾ ਤਾਂ ਹਰ ਹਾਲ ਬੰਦ ਕਰਨਾ ਹੀ ਪੈਣਾ ਹੈ। ਕਣਕ ਦੇ ਆਟੇ ਦੀ ਥਾਂ ਰਾਗੀ, ਬਾਜਰੇ ਤੇ ਮੱਕੀ ਦਾ ਆਟਾ ਵਰਤਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਰੀਫਾਇੰਡ ਘਿਓ ਨੂੰ ਦੇਸੀ ਘਿਓ ਉੱਤੇ ਪਹਿਲ ਨਹੀਂ ਦੇਣੀ ਚਾਹੀਦੀ।

**ਡਾ. ਹਰਸ਼ਿੰਦਰ ਕੌਰ, ਸੰਪਰਕ:** 0175-2216783

## ਸੋਇਆਬੀਨ ਮਿਸਲ

**ਸਮੱਗਰੀ** - 1/2 ਕੱਪ ਸੋਇਆਬੀਨ ਦੇ ਦਾਣੇ, 2 ਵੱਡੇ ਚਮਚੇ ਅੰਕੁਰਿਤ ਦਾਲ, 1 ਚਮਚਾ ਬਰੀਕ ਅਦਰਕ, 2 ਬਰੀਕ ਕੱਟੀ ਹੋਈ ਹਰੀ ਮਿਰਚ, 3 ਕਲੀਆਂ ਲਸਣ ਦੀਆਂ ਪਿਸੀਆਂ ਹੋਈਆਂ, 1/4 ਛੋਟਾ ਚਮਚ ਹਲਦੀ ਪਾਊਡਰ, 1/2 ਛੋਟਾ ਚਮਚਾ ਗਰਮ ਮਸਾਲਾ, 1 ਛੋਟਾ ਚਮਚਾ ਰਾਈ, ਨਮਕ ਸਵਾਦ ਅਨੁਸਾਰ, 1 ਟਮਾਟਰ, 2 ਵੱਡੇ ਚਮਚੇ ਪਿਆਜ਼ ਬਰੀਕ ਕੱਟੇ ਹੋਏ, 1 ਛੋਟਾ ਚਮਚ ਨਿੰਬੂ ਦਾ ਰਸ, 1 ਛੋਟਾ ਚਮਚਾ ਰਿਫਾਇੰਡ ਤੇਲ।

**ਵਿਧੀ** - ਸੋਇਆਬੀਨ ਨੂੰ ਰਾਤ ਨੂੰ ਪਾਣੀ 'ਚ ਭਿਓਂ ਦਿਓ ਤੇ ਸਵੇਰੇ ਕੂਕਰ 'ਚ ਇਕ ਸੀਟਾ ਆਉਣ ਤਕ ਪਕਾਓ। ਸੋਇਆਬੀਨ ਦਾ ਪਾਣੀ ਕੱਢ ਕੇ ਉਸ ਦੇ ਛਿਲਕੇ ਉਤਾਰ ਦਿਓ। ਇਕ ਕੜਾਹੀ 'ਚ ਤੇਲ ਗਰਮ ਕਰੋ ਅਤੇ ਇਸ ਵਿਚ ਰਾਈ ਪਾ ਕੇ ਤੜਕ ਦਿਓ। ਇਸ ਵਿਚ ਅਦਰਕ, ਹਰੀ ਮਿਰਚ, ਪਿਸਿਆ ਹੋਇਆ ਲਸਣ ਪਾ ਦਿਓ ਅਤੇ 1 ਮਿੰਟ ਤੱਕ ਭੁੰਨੋ, ਹਲਦੀ ਪਾਊਡਰ ਅਤੇ ਅੰਕੁਰਿਤਕੀਤੀ ਹੋਈ ਦਾਲ ਅਤੇ 2 ਵੱਡੇ ਚਮਚੇ ਪਾਣੀ ਪਾ ਕੇ ਦਾਲ ਨੂੰ ਆਂਚ 'ਤੇ ਗਲਾਓ। ਜਦੋਂ ਇਸ ਦਾ ਪਾਣੀ ਸੁੱਕਣਾ ਸ਼ੁਰੂ ਹੋ ਜਾਵੇ ਤਾਂ ਇਸ ਵਿਚ ਸੋਇਆਬੀਨ ਪਾ ਦਿਓ। ਇਸ ਤੋਂ ਬਾਅਦ ਅੱਗ ਬੰਦ ਕਰ ਦਿਓ। ਇਸ ਵਿਚ ਟਮਾਟਰ, ਪਿਆਜ਼ ਅਤੇ ਨਿੰਬੂ ਦਾ ਰਸ ਪਾ ਦਿਓ। ਇਸ ਨੂੰ ਸਰਵਿਸ ਪਲੇਟ 'ਚ ਪਾ ਦਿਓ ਅਤੇ ਇਸ ਉਤੇ ਹਰਾ ਧਨੀਆ ਅਤੇ ਚਟਨੀ ਪਾ ਕੇ ਇਸ ਨੂੰ ਸਰਵ ਕਰੋ।

## ਮੋਟਾਪਾ ਘਟਾਓ




ਜੇਕਰ ਤੁਸੀਂ ਮੋਟਾਪੇ ਨੂੰ ਘਟਾਉਣਾ ਚਾਹੁੰਦੇ ਹੋ ਤਾਂ ਡਾਇਟਿੰਗ ਤਾਂ ਡਾਇਟਿੰਗ ਜਾਂ ਸਖਤ ਕਸਰਤ ਕਰਨ ਦੀ ਲੋੜ ਨਹੀਂ ਹੈ, ਸਗੋਂ ਮਾਸ ਖਾਣਾ ਛੱਡ ਦਿਓ ਅਤੇ ਸ਼ਾਕਾਹਾਰ ਖਾਣਾ ਹੀ ਖਾਓ। ਮਿੱਠਾ ਅਤੇ ਚਰਬੀ ਵੀ ਮੋਟਾਪਾ ਵਧਾਉਂਦੇ ਹਨ। ਇਸੇ ਕਾਰਨ ਸਾਕਾਹਾਰੀ ਪਤਲੇ ਹੁੰਦੇ ਹਨ। ਫਲ, ਸਬਜ਼ੀਆਂ, ਦਾਲਾਂ, ਅਨਾਜ, ਜੂਸ ਸਰੀਰ ਨੂੰ ਪੋਸ਼ਣ ਦੇ ਕੇ ਮੋਟਾ ਨਹੀਂ ਹੋਣ ਦਿੰਦੇ। ਜੇਕਰ ਮਾਸ ਖਾਣ ਵਾਲੇ ਮਾਸ ਛੱਡ ਕੇ ਸ਼ਾਕਾਹਾਰ ਅਪਣਾ ਲੈਣ ਤਾਂ ਮੋਟਾਪੇ ਨੂੰ ਘੱਟ ਕਰ ਸਕਦੇ ਹਨ। ਸ਼ਾਕਾਹਾਰੀਆਂ ਨੂੰ ਮਾਸਾਹਾਰੀਆਂ ਦੇ ਮੁਕਾਬਲੇ ਬਿਮਾਰੀਆਂ ਵੀ ਘੱਟ ਹੁੰਦੀਆਂ ਹਨ।



## ਗਾਜਰਾਂ ਰੱਖਣ ਰੌਸ਼ਨ ਅੱਖਾਂ



40 ਸਾਲ ਦੀ ਉਮਰ ਪਿੱਛੋਂ ਬਹੁਤ ਸਾਰੇ ਲੋਕਾਂ ਦੀਆਂ ਅੱਖਾਂ ਦੀ ਰੌਸ਼ਨੀ ਧੁੰਦਲੀ ਪੈਣ ਲਗਦੀ ਹੈ। ਅੱਖਾਂ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਲੇ ਕੁਝ ਰਸਾਇਣ 40 ਸਾਲ ਤੋਂ ਬਾਅਦ ਹੌਲੀ-ਹੌਲੀ ਘਟਣ ਲਗਦੇ ਹਨ। ਇਹ ਹੱਲ ਕਿਸੇ ਦਵਾਈ ਨਾਲ ਸੰਭਵ ਨਹੀਂ ਹੈ।

ਗਾਜਰ ਇਹ ਕੰਮ ਅਸਾਨੀ ਨਾਲ ਕਰ ਸਕਦੀ ਹੈ, ਕਿਉਂਕਿ ਗਾਜਰ ਵਿਚ ਬੀਟਾ ਕੈਰੋਟਿਨ ਨਾਂਅ ਦਾ ਅੰਜਾਇਮ ਹੁੰਦਾ ਹੈ। ਇਸ ਤੋਂ ਇਲਾਵਾ ਐਂਟੀ ਔਕਸੀਡੈਂਟ, ਵਿਟਾਮਿਨ 'ਸੀ', 'ਈ' ਅਤੇ ਜ਼ਿੰਕ ਗਾਜਰ ਖਾਣ ਨਾਲ ਤੁਸੀਂ ਲੰਮੇ ਸਮੇਂ ਤੱਕ ਅੱਖਾਂ ਦੀਆਂ ਬੀਮਾਰੀਆਂ ਤੋਂ ਬਚੇ ਰਹੋਗੇ। ਇਸ ਤੋਂ ਇਲਾਵਾ ਗਾਜਰ ਸੰਪੂਰਨ ਸਰੀਰ ਲਈ ਵੀ ਲਾਭਕਾਰੀ ਹੈ।

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ
www.mehakwatandilive.com
Bhwandeep S.Purba
M.98141 21463

ਆਪਣੇ ਧਾਰਮਿਕ,
ਸਾਹਿਤਕ, ਰਾਜਨੀਤਿਕ
ਅਤੇ ਸੱਭਿਆਚਾਰਕ ਪ੍ਰੋਗਰਾਮ
'ਮਹਿਕ ਵਤਨ ਦੀ ਲਾਈਵ'
ਵੈਬ ਟੀ.ਵੀ.
ਤੇ ਲਾਈਵ, ਡੀ-ਲਾਈਵ
ਚਲਾਉਣ ਲਈ
ਸੰਪਰਕ ਕਰੋ :
9988-92-9988

'ਮਹਿਕ ਵਤਨ ਦੀ ਲਾਈਵ' ਦੇ
ਪੱਤਰਕਾਰ ਬਨਣ ਲਈ ਵੀ ਉਪਰੋਕਤ
ਨੰਬਰ ਤੇ ਸੰਪਰਕ ਕਰੋ।

# ਏ.ਡੀ.ਜੀ.ਪੀ. ਸ਼ਰਦ ਸੱਤਿਆ ਚੌਹਾਨ ਦਾ ਗੁਰਦੁਆਰਾ ਚੰਦ ਪੁਰਾਣਾ 'ਚ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਸਵਾਗਤ

## ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਹਮੇਸ਼ਾ ਮੈਨੂੰ ਆਸ਼ੀਰਵਾਦ ਬਖਸ਼ਦੇ ਰਹੇ ਹਨ -ਸ਼ਰਦ ਸੱਤਿਆ ਚੌਹਾਨ

**'ਮਹਿਕ ਵਤਨ ਦੀ ਲਾਈਵ' ਬਿਓਰੋ**



ਮਾਲਵੇ ਦੇ ਪ੍ਰਸਿੱਧ ਅਤੇ ਇਤਿਹਾਸਕ ਗੁਰਦੁਆਰਾ ਸਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿੱਚ 16 ਮਾਰਚ ਨੂੰ ਸਲਾਨਾ ਸਹੀਦੀ ਜੋੜ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਹਰ ਸਾਲ ਵਧੀਆ ਪ੍ਰਬੰਧਾਂ ਅਤੇ ਭਗਤੀ ਭਾਵਨਾ ਨਾਲ ਮਨਾਇਆ ਜਾਂਦਾ ਇਹ ਜੋੜ ਮੇਲਾ ਸੰਗਤਾਂ ਲਈ ਵਿਸੇਸ ਖਿੱਚ ਦਾ ਕੇਂਦਰ ਬਣਿਆ ਰਹਿੰਦਾ ਹੈ। ਇਸ ਜੋੜ ਮੇਲੇ ਤੋਂ ਪਹਿਲਾਂ ਏਡੀਜੀਪੀ ਸਰਦ ਸੱਤਿਆ ਚੌਹਾਨ ਵਿਸੇਸ ਤੌਰ 'ਤੇ ਗੁਰਦੁਆਰਾ ਸਾਹਿਬ ਪਹੁੰਚੇ। ਉਨਾਂ ਨੇ ਸੰਤ ਬਾਬਾ ਗੁਰਦੀਪ ਸਿੰਘ, ਜੋ ਕਿ ਮੁੱਖ ਸੇਵਾਦਾਰ ਹਨ, ਤੋਂ ਸਨਮਾਨ ਪ੍ਰਾਪਤ ਕੀਤਾ। ਇਸ ਮੌਕੇ ਉਨਾਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਜਦ ਉਹ ਮੋਗਾ ਵਿੱਚ ਐਸਐਸਪੀ ਸਨ, ਉਦੋਂ ਤੋਂ ਉਹ ਇਸ ਪਵਿੱਤਰ ਅਸਥਾਨ ਨਾਲ ਜੁੜੇ ਹੋਏ ਹਨ। ਉਨਾਂ ਦੱਸਿਆ ਕਿ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਨੇ ਉਨਾਂ ਨੂੰ ਦਿਲ ਸਤਿਕਾਰ ਦਿੱਤਾ ਅੱਜ ਮੌਜੂਦਾ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਉਹਨਾਂ ਨੂੰ ਪਿਆਰ ਬਖਸ ਰਹੇ ਹਨ। ਉਨਾਂ ਕਿਹਾ ਕਿ ਸੰਤ ਬਾਬਾ ਨਛੱਤਰ ਸਿੰਘ ਵੱਲੋਂ ਸੁਰੂ ਕੀਤੇ ਸਮਾਜ ਸੇਵੀ ਕਾਰਜ ਅੱਜ ਵੀ ਜਾਰੀ ਹਨ। ਇਹ ਦੇਖ ਕੇ ਉਨਾਂ ਨੂੰ ਬਹੁਤ ਖੁਸੀ ਹੋ ਰਹੀ ਹੈ ਕਿ ਸੰਤ ਬਾਬਾ ਗੁਰਦੀਪ ਸਿੰਘ, ਜੋ ਕਿ ਮੌਜੂਦਾ ਸੇਵਾਦਾਰ ਹਨ, ਉਹਨਾਂ ਦੀ ਪਵਿੱਤਰ ਪਰੰਪਰਾ ਨੂੰ ਅੱਗੇ ਵਧਾ ਰਹੇ ਹਨ। ਉਨਾਂ ਦੱਸਿਆ ਕਿ ਇਹ ਅਸਥਾਨ ਗੁਰਮਤਿ ਦੇ ਅਨੁਸਾਰ ਚੱਲ ਰਹੀ ਧਾਰਮਿਕ ਸੇਵਾ ਦੇ ਨਾਲ-ਨਾਲ ਜਰੂਰਤਮੰਦਾਂ ਦੀ ਸੇਵਾ ਵਿੱਚ ਵੀ ਵੱਡਾ ਯੋਗਦਾਨ ਪਾ ਰਿਹਾ ਹੈ। ਇਹੋ ਜਿਹੇ ਸਥਾਨ ਸਾਡੇ ਸਮਾਜ ਲਈ ਪ੍ਰੇਰਣਾਦਾਇਕ ਹਨ, ਜਿੱਥੇ ਗੁਰੂ ਦੀ ਬਾਣੀ ਅਨੁਸਾਰ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ ਅਤੇ ਹਰ ਵਰਗ ਦੀ ਸੰਭਾਲ ਕੀਤੀ ਜਾਂਦੀ ਹੈ। ਉਨਾਂ ਨੇ ਹੋਰ ਦੱਸਿਆ ਕਿ ਇਹ ਗੁਰਦੁਆਰਾ ਸਾਹਿਬ ਜਿੱਥੇ ਇੱਕ ਧਾਰਮਿਕ ਸਥਾਨ ਹੈ ਉਥੇ ਇੱਕ ਮਹਾਨ ਆਦਰਸ ਵੀ ਹੈ, ਜੋ ਸਮਾਜ ਦੀ ਸੇਵਾ ਵਿੱਚ ਹਮੇਸਾ ਅੱਗੇ ਰਹਿੰਦਾ ਹੈ। ਉਨਾਂ ਨੇ ਸੰਤ ਬਾਬਾ ਗੁਰਦੀਪ ਸਿੰਘ ਜੀ ਅਤੇ ਸੇਵਾਦਾਰਾਂ ਦੀ ਸਤਿਕਾਰ-ਯੋਗ ਸੇਵਾ ਭਾਵਨਾ ਦੀ ਪ੍ਰਸੰਸਾ ਕੀਤੀ। ਇਸ ਮੌਕੇ ਦਰਸਨ ਸਿੰਘ ਡਰੋਲੀ, ਭਾਈ ਸੁੱਖਾ ਸਿੰਘ ਮੋਗਾ, ਬਿੱਲੂ ਸਿੰਘ ਚੰਦਪੁਰਾਣਾ, ਚਮਕੌਰ ਸਿੰਘ ਚੰਦਪੁਰਾਣਾ, ਨਛੱਤਰ ਸਿੰਘ (ਕਨੇਡਾ), ਅਜਮੇਰ ਸਿੰਘ, ਜਥੇਦਾਰ ਕਾਹਨ ਸਿੰਘ, ਸਾਬਕਾ ਸਰਪੰਚ ਮੇਜਰ ਸਿੰਘ ਗਿੱਲ, ਧਰਮ ਸਿੰਘ ਕਾਲੇਕੇ, ਡਾਕਟਰ ਅਵਤਾਰ ਸਿੰਘ ਤੇ ਕਾਕਾ ਗੋਇਲ ਆਦਿ ਹਾਜਰ ਸਨ। ਸੰਤ ਬਾਬਾ ਗੁਰਦੀਪ ਸਿੰਘ ਨੇ ਵੀ ਏਡੀਜੀਪੀ ਸਰਦ ਸੱਤਿਆ ਚੌਹਾਨ ਦੀ ਗੁਰੂ ਘਰ ਪ੍ਰਤੀ ਨਿਮਰਤਾ ਅਤੇ ਸੇਵਾ ਭਾਵਨਾ ਦੀ ਸਲਾਘਾ ਕੀਤੀ।

ਉਨਾਂ ਕਿਹਾ ਕਿ ਉਹ ਹਮੇਸਾ ਨਿਮਰਤਾ ਨਾਲ ਗੁਰੂ ਘਰ ਆਉਂਦੇ ਹਨ ਅਤੇ ਮਹਾਂਪੁਰਸਾਂ ਉੱਤੇ ਉਨਾਂ ਦੀ ਵੱਡੀ ਸਰਧਾ ਹੈ। ਇਹੀ ਕਾਰਨ ਹੈ ਕਿ ਸਤਿਗੁਰੂ ਨੇ ਉਨਾਂ ਉੱਤੇ ਬਖਸਿਸ ਕੀਤੀ ਹੈ। ਉਨਾਂ ਦੱਸਿਆ ਕਿ ਗੁਰੂ ਘਰ ਦੀ ਸੇਵਾ ਕੀਤੀ ਜਾਣੀ ਚਾਹੀਦੀ ਹੈ, ਜਿਸ ਨਾਲ ਮਨੁੱਖ ਨੂੰ ਆਤਮਿਕ ਸੁਖ ਪ੍ਰਾਪਤ ਹੁੰਦਾ ਹੈ। ਬਾਬਾ ਜੀ ਨੇ ਦੱਸਿਆ ਕਿ ਇਸ ਜੋੜ ਮੇਲੇ ਦੀ ਤਿਆਰੀਆਂ ਉੱਚ ਦਰਜੇ ਤੇ ਕੀਤੀਆਂ ਜਾ ਰਹੀਆਂ ਹਨ। ਸੰਗਤਾਂ ਦੀ ਸਹੂਲਤ ਲਈ ਵਿਸੇਸ ਪ੍ਰਬੰਧ ਕੀਤੇ ਜਾ ਰਹੇ ਹਨ, ਤਾਂ ਜੋ ਦੂਰ-ਦੂਰੋਂ ਆਉਣ ਵਾਲੀਆਂ ਸੰਗਤਾਂ ਨੂੰ ਕੋਈ ਪਰੇਸਾਨੀ ਨਾ ਹੋਵੇ। ਸੇਵਾ, ਪਾਣੀ ਅਤੇ ਲੰਗਰ ਦੀ ਵਿਵਸਥਾ ਬਹੁਤ ਵਧੀਆ ਤਰੀਕੇ ਨਾਲ ਕੀਤੀ ਜਾ ਰਹੀ ਹੈ। 16 ਮਾਰਚ ਨੂੰ ਹੋਣ ਵਾਲਾ ਇਹ ਵਿਸਾਲ ਜੋੜ ਮੇਲਾ ਇੱਕ ਵੱਡਾ ਸਮਾਗਮ ਹੋਵੇਗਾ, ਜਿਸ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਸੰਗਤਾਂ ਹਾਜਰੀ ਭਰਨਗੀਆਂ।

# ਬਾਦਲ ਕਿਆ ਨੇ ਜਥੇਦਾਰਾਂ ਨੂੰ ਬਦਲਾ ਲਊ ਭਾਵਨਾ ਨਾਲ ਕਢਵਾ ਕੇ ਪੰਥ ਦੀਆਂ ਸਰਬ ਉੱਚ ਸੰਸਥਾਵਾਂ ਦੀ ਮਾਨ ਮਰਿਆਦਾ ਨੂੰ ਢਾਹ ਲਾਈ ਹੈ -ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ, ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ



ਖੁਖਰਾਣਾ (ਮੋਗਾ) / 09 ਮਾਰਚ 2025/ ਭਵਨਦੀਪ ਸਿੰਘ ਪੁਰਬਾ

ਸੁਖਬੀਰ ਸਿੰਘ ਬਾਦਲ ਦੇ ਇਸ਼ਾਰਿਆ ਹੱਥਾਂ ਹੇਠ ਚੱਲ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਕਮੇਟੀ ਨੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਸਾਹਿਬਾਨ ਨੂੰ ਬਦਲਾ ਲਊ ਭਾਵਨਾ ਨਾਲ ਅਹੁਦਿਆਂ ਤੋਂ ਅਪਮਾਨ ਜਨਕ ਤਰੀਕੇ ਨਾਲ ਹਟਾ ਕੇ ਖਾਲਸਾ ਪੰਥ ਦੀਆਂ ਸਰਬ ਉੱਚ ਸੰਸਥਾਵਾਂ ਦੀ ਮਾਨ ਮਰਿਯਾਦਾ ਨੂੰ ਵੱਡੀ ਢਾਅ ਲਾਈ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ, ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਅਤੇ ਗਿਆਨੀ ਜਸਵਿੰਦਰ ਸਿੰਘ ਜੋਗੇਵਾਲਾ ਨੇ 'ਮਹਿਕ ਵਤਨ ਦੀ ਲਾਈਵ' ਬਿਊਰੋ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਕਮੇਟੀ ਤੋਂ ਇਹ ਕਾਰਵਾਈ ਕਰਵਾ ਕੇ ਸੁਖਬੀਰ ਸਿੰਘ ਬਾਦਲ ਨੇ ਖਾਲਸਾ ਪੰਥ ਦੀ ਸਰਬ ਉੱਚ ਸੰਸਥਾ ਸ਼੍ਰੀ ਅਕਾਲ ਤਖਤ ਸਾਹਿਬ ਨਾਲ ਸਿੱਧਮ ਸਿੱਧਾ ਮੱਥਾ ਲਾ ਕੇ ਅਜਿਹਾ ਬੱਜਰ ਗੁਨਾਹ ਕਰ ਲਿਆ ਹੈ ਜਿਸ ਨੂੰ ਖਾਲਸਾ ਪੰਥ ਕਦੇ ਵੀ ਮੁਆਫ ਨਹੀਂ ਕਰੇਗਾ। ਉਹਨਾਂ ਅੱਗੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਅੰਤਰਿੰਗ ਕਮੇਟੀ ਤੋਂ ਇਹ ਪਾਪ ਕਰਵਾ ਕੇ ਆਪਣੇ ਰਾਹ ਵਿੱਚ ਅਜਿਹੇ ਕੰਡੇ ਬੀਜ ਲਏ ਹਨ ਜਿਹੜੇ ਉਸ ਨੂੰ ਜ਼ਿੰਦਗੀ ਦੇ ਆਖਰੀ ਸਾਹ ਤੱਕ ਦੁੱਖ ਦੇਣਗੇ।

ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਤੋਂ ਇਹ ਫੈਸਲਾ ਇਸ ਕਰਕੇ ਕਰਵਾਇਆ ਹੈ ਤਾਂ ਕਿ ਆਪਣੇ ਜੀ ਹਜੂਰੀਏ ਜਥੇਦਾਰ ਲਾਕੇ ਦੋ ਸਤੰਬਰ ਦੇ ਇਤਿਹਾਸਕ ਹੁਕਮਨਾਮੇ ਨੂੰ ਵਾਪਸ ਕਰਵਾਇਆ ਜਾ ਸਕੇ। ਉਹਨਾਂ ਇਹ ਵੀ ਕਿਹਾ ਕਿ ਹੁਣ ਅਕਾਲੀ ਦਲ ਦੀ ਭਰਤੀ ਲਈ ਬਣਾਈ ਸੱਤ ਮੈਂਬਰੀ ਕਮੇਟੀ ਭੰਗ ਹੋਵੇਗੀ। ਪ੍ਰਕਾਸ਼ ਸਿੰਘ ਬਾਦਲ ਤੋਂ ਵਾਪਸ ਲਿਆ 'ਪੰਥ ਰਤਨ' ਅਤੇ 'ਫਕਰ-ਏ- ਕੌਮ' ਦਾ ਰੁਤਬਾ ਬਹਾਲ ਹੋਵੇਗਾ ਅਤੇ ਵਿਰਸਾ ਸਿੰਘ ਵਲਟੋਆ ਨੂੰ ਮੁੜ ਅਕਾਲੀ ਦਲ ਵਿੱਚ ਸ਼ਾਮਿਲ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸ਼੍ਰੀ ਅਕਾਲ ਤਖਤ ਸਾਹਿਬ ਤੋਂ 2 ਦਸੰਬਰ ਤੋਂ ਜਾਰੀ ਹੋਏ ਇਤਿਹਾਸਿਕ ਹੁਕਮਨਾਮੇ ਤੋਂ ਖਫਾ ਸੁਖਬੀਰ ਸਿੰਘ ਬਾਦਲ ਨੇ ਬਦਲਾ ਲਊ ਭਾਵਨਾ ਨਾਲ ਸਿੰਘ ਸਾਹਿਬਾਨ ਗਿਆਨੀ ਰਘਬੀਰ ਸਿੰਘ ਜੀ ਉੱਤੇ ਬਹੁਤ ਹੀ ਘਟੀਆ ਬੇਹੂਦਾ ਮਨਘੜਤ ਝੂਠੇ ਦੋਸ਼ ਲਾਏ ਹਨ ਜਿਨਾਂ ਦੀ ਰੱਤੀ ਭਰ ਵੀ ਸੱਚਾਈ ਨਹੀਂ ਹੈ ਉਹਨਾਂ ਕਿਹਾ ਕਿ ਅੱਜ ਦੀ ਕਾਰਵਾਈ ਤੋਂ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਤਖਤ ਸ੍ਰੀ ਦਮਦਮਾ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਵੀ ਬੜੀ ਘਟੀਆ ਤਰੀਕੇ ਦੀ ਕਿਰਦਾਰ ਕੁਸ਼ੀ ਕਰਕੇ ਬਦਲਾ ਲਊ ਭਾਵਨਾ ਤਹਿਤ ਕੱਢਿਆ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਇਸ ਕਾਰਵਾਈ ਨਾਲ ਕਰੋੜਾਂ ਸਿੱਖਾਂ ਦੀ ਸ਼ਰਧਾ ਆਸਥਾ ਤੇ ਭਾਵਨਾ ਨੂੰ ਠੇਸ ਪਹੁੰਚੀ ਹੈ ਇਸ ਲਈ ਕੋਈ ਪੰਥ ਪ੍ਰਸਤ ਸਿੱਖ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਨੂੰ ਨਹੀਂ ਮੰਨੇਗਾ ਅਤੇ ਬਰਖਾਸ਼ਤ ਕੀਤੇ ਗਏ ਸਿੰਘ ਸਾਹਿਬਾਨਾਂ ਨੂੰ ਪਹਿਲਾਂ ਦੀ ਤਰ੍ਹਾਂ ਮਾਣ ਸਤਿਕਾਰ ਦਿੰਦਾ ਰਹੇਗਾ। ਉਪਰੋਕਤ ਪੰਥਕ ਸਖਸ਼ੀਅਤਾਂ ਨੇ ਅਜੇ ਵੀ ਸੁਖਬੀਰ ਸਿੰਘ ਬਾਦਲ ਦਾ ਸਾਥ ਦੇ ਰਹੇ ਅਕਾਲੀ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹਨਾਂ ਨੂੰ ਭੋਰਾ ਵੀ ਪੰਥ ਪ੍ਰਸਤੀ ਹੈ ਤਾਂ ਉਹ ਇਸ ਫੈਸਲੇ ਦਾ ਡੱਟ ਕੇ ਵਿਰੋਧ ਕਰਨ।

# ਸਰਬੱਤ ਦਾ ਭਲਾ ਟਰੱਸਟ ਮੋਗਾ ਦੀ ਟੀਮ ਨੇ ਸਿਵਲ ਸਰਜਨ ਮੋਗਾ ਨਾਲ ਕੀਤੀ ਖਾਸ ਮੀਟਿੰਗ



**ਮੋਗਾ • ਮਹਿੰਦਰ ਸਿੰਘ ਸਹੋਤਾ**

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਦੀ ਯੋਗ ਅਗਵਾਈ ਹੇਠ ਕੰਮ ਕਰ ਰਹੀ ਟਰੱਸਟ ਦੀ ਮੋਗਾ ਟੀਮ ਵੱਲੋਂ ਪਿਛਲੇ ਦਿਨੀ ਸਿਵਲ ਹਸਪਤਾਲ ਮੋਗਾ ਵਿਖੇ ਮੋਗਾ ਦੇ ਸਿਵਲ ਸਰਜਨ ਡਾਕਟਰ ਰਮਨਦੀਪ ਆਹਲੂਵਾਲੀਆ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਉਨ੍ਹਾਂ ਨੇ ਇਸ ਮੀਟਿੰਗ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਭੇਂਟ ਕੀਤੀ ਗਈ ਡਾਇਲੈਸਿਜ ਮਸ਼ੀਨ ਬਾਰੇ ਵਿਸ਼ਥਾਰ ਪੂਰਵਕ ਗੱਲਬਾਤ ਕੀਤੀ ਅਤੇ ਇਸ ਮਸ਼ੀਨ ਲਈ ਉਪਰੇਟਰ ਲਗਾਉਣ ਬਾਰੇ ਸਿਵਲ ਸਰਜਨ ਮੈਡਮ ਨੂੰ ਲਿਖਤੀ ਰੂਪ ਵਿੱਚ ਪੱਤਰ ਦਿੱਤਾ। ਇਸ ਤੋਂ ਇਲਾਵਾ ਟਰੱਸਟ ਵੱਲੋਂ ਅੱਖਾਂ ਦੇ ਲਗਾਏ ਜਾਣ ਵਾਲੇ ਕੈਪਾਂ ਦੀ ਮਨਜ਼ੂਰੀ ਵਿੱਚ ਆ ਰਹੀਆਂ ਮੁਸਕਿਲਾ ਬਾਰੇ ਗੱਲ-ਬਾਤ ਕੀਤੀ ਜਿਸ ਦਾ ਸਿਵਲ ਸਰਜਨ ਮੈਡਮ ਨੇ ਮੌਕੇ ਤੇ ਹੀ ਹੱਲ ਕਰ ਦਿੱਤਾ। ਟਰੱਸਟੀਆਂ ਵੱਲੋਂ ਸਿਵਲ ਹਸਪਤਾਲ ਨੂੰ ਲੋਕ ਸੇਵਾ ਹਿੱਤ ਦਿੱਤਿਆ ਜਾਣ ਵਾਲੀਆ ਸੇਵਾਵਾ ਵਿੱਚ ਆਪਣਾ ਪੂਰਨ ਯੋਗਦਾਨ ਪਾਉਣ ਦਾ ਭਰੋਸਾ ਦਿਵਾਇਆ ਗਿਆ। ਇਸ ਮੀਟਿੰਗ ਮੌਕੇ ਸਿਵਲ ਸਰਜਨ ਮੈਡਮ ਰਮਨਦੀਪ ਆਹਲੂਵਾਲੀਆ ਦੇ ਨਾਲ ਟਰੱਸਟ ਦੀ ਮੋਗਾ ਇਕਾਈ ਦੇ ਪ੍ਰਧਾਨ ਸ਼੍ਰੀ ਗੋਕਲਚੰਦ ਬੁੱਘੀਪੁਰਾ, ਖਜਾਨਚੀ ਸ. ਜਗਤਾਰ ਸਿੰਘ ਜਾਨੀਆ, ਜਰਨਲ ਸਕੱਤਰ ਸ. ਅਵਤਾਰ ਸਿੰਘ ਘੋਲੀਆ, ਟਰੱਸਟੀ ਸ. ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ), ਟਰੱਸਟੀ ਸ. ਹਰਭਿੰਦਰ ਸਿੰਘ ਜਾਨੀਆ (ਜਿਲ੍ਹਾ ਪ੍ਰਧਾਨ: ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ) ਮੁੱਖ ਤੌਰ ਤੇ ਹਾਜਰ ਸਨ।

# ਸਰਬੱਤ ਦਾ ਭਲਾ ਟਰੱਸਟ ਨੇ ਛੋਟੇ ਬੱਚਿਆਂ ਨੂੰ ਗਤਕਾ ਕਿੱਟਾਂ ਵੰਡੀਆਂ

**ਮੋਗਾ • ਮਹਿੰਦਰ ਸਿੰਘ ਸਹੋਤਾ**

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾਕਟਰ ਐਸ.ਪੀ.ਸਿੰਘ ਉਬਰਾਏ ਜੀ ਦੀ ਯੋਗ ਅਗਵਾਈ ਹੇਠ ਕੰਮ ਕਰ ਰਹੀ ਟਰੱਸਟ ਦੀ ਮੋਗਾ ਟੀਮ ਵੱਲੋਂ ਜਿਲ੍ਹਾ ਬੱਗੇਆਣਾ ਬਸਤੀ ਮੋਗਾ ਦੇ ਸਟੇਡੀਅਮ ਵਿਖੇ ਗੱਤਕਾ ਸਿੱਖ ਰਹੇ ਛੋਟੇ ਬੱਚਿਆਂ ਨੂੰ ਗਤਕਾ ਦੇ ਸ਼ਾਸਤਰਾਂ ਦੀਆਂ ਕਿੱਟਾ ਵੰਡੀਆਂ ਗਈਆਂ। ਪੰਥ ਅਕਾਲੀ ਤਰਨਾ ਦਲ (ਪੰਜਵਾਂ ਨਿਸ਼ਾਨ ਚਲਦਾ ਵਹੀਰ) ਵੱਲੋਂ ਗਤਕੇ ਦੀ ਸਿੱਖਿਆਂ ਦੇ ਰਹੇ ਬਾਬਾ ਅਰਜਨ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾ ਤੋਂ ਮੁਫਤ ਗਤਕਾ ਸਿਖਾ ਰਹੇ ਹਨ। ਛੋਟੇ ਬੱਚੇ ਜੋ ਗਤਕੇ ਦੀ ਸਿਖਆ ਲੈ ਰਹੇ ਹਨ ਉਨ੍ਹਾਂ ਨੂੰ ਗਤਕੇ ਦੇ ਸ਼ਾਸਤਰਾਂ ਦੀ ਲੋੜ ਸੀ ਜਿਸ ਲਈ ਉਨਾਂ ਨੇ ਟਰੱਸਟ ਦੇ ਜਿਲ੍ਹਾ ਪ੍ਰਧਾਨ ਰਾਹੀਂ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਨੂੰ ਗਤਕਾ ਕਿੱਟਾ ਲਈ ਬੇਨਤੀ ਕੀਤੀ ਸੀ ਜਿਸ ਨੂੰ ਸਵੀਕਾਰ ਕਰਦਿਆਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਇਹ ਕਿੱਟਾ ਪ੍ਰਦਾਨ ਕੀਤੀਆਂ ਗਈਆਂ ਹਨ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਮੋਗਾ ਟੀਮ ਦੇ ਜਿਲ੍ਹਾ ਪ੍ਰਧਾਨ ਸ਼੍ਰੀ ਗੋਕਲ ਚੰਦ ਬੁੱਘੀਪੁਰਾ, ਟਰੱਸਟੀ ਸ. ਭਵਨਦੀਪ



ਸਿੰਘ ਪੁਰਬਾ, ਟਰੱਸਟੀ ਸ. ਗੁਰਸੇਵਕ ਸਿੰਘ ਸੰਨਿਆਸੀ ਅਤੇ ਟਰੱਸਟੀ ਸ. ਸੁਖਦੇਵ ਸਿੰਘ ਬਰਾੜ ਨੇ ਬੱਚਿਆਂ ਨੂੰ ਇਹ ਗਤਕੇ ਦੇ ਸ਼ਾਸਤਰਾਂ ਦੀਆਂ ਕਿੱਟਾਂ ਭੇਂਟ ਕੀਤੀਆਂ। ਇਸ ਮੌਕੇ ਜਸਵੰਤ ਸਿੰਘ ਪੁਰਾਣੇਵਾਲਾ, ਰਵੀ ਕੁਮਾਰ ਫਾਜਿਲਕਾਂ ਆਦਿ ਵੀ ਹਾਜਿਰ ਸਨ। ਭਾਈ ਅਰਜਨ ਸਿੰਘ ਜੀ ਨੇ ਐਸ.ਪੀ. ਸਿੰਘ ਉਬਰਾਏ ਜੀ ਅਤੇ ਪਹੁੰਚੀ ਮੋਗਾ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਹਾਜਰ ਗੱਤਕਾ ਸਿੱਖ ਰਹੇ ਛੋਟੇ ਬੱਚਿਆਂ ਨੇ ਹਾਜਰ ਲੋਕਾਂ ਨੂੰ ਗਤਕੇ ਦੇ ਜੌਹਰ ਵੀ ਵਿਖਾਏ।



# ਸਾਮਰਾਜੀ ਪਸਾਰ ਦਾ ਮਨੋਰਥ ਤਬਾਹੀ

**-ਗੁਰਮੇਲ ਸਿੰਘ ਬੌਡੇ**
ਸਾਹਿਤਕ ਸਲਾਹਕਾਰ: ਮਹਿਕ ਵਤਨ ਦੀ ਲਾਈਵ
Ph.98143-04213
E-Mail: dhaliwal.gurmelbaude@gmail.com



ਦੁਨੀਆਂ ਦੇ ਕਿਸੇ ਵੀ ਖਿੱਤੇ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਵੱਖ-ਵੱਖ ਦੇਸ਼ਾਂ ਨੇ ਚਾਹੇ ਯੂਨਾਨ ਦਾ ਸਿਕੰਦਰ ਹੋਵੇ- ਇਸ ਤੋਂ ਪਹਿਲਾਂ ਅਸ਼ੋਕਾ ਸਾਮਰਾਜ- ਮੁਗਲ ਸਾਮਰਾਜ, ਨਾਦਰਸ਼ਾਹ ਜਾਂ ਅਬਦਾਲੀ ਹੋਣ ਉਹਨਾਂ ਸਭ ਨੂੰ ਆਮ ਮਨੁੱਖਤਾ ਦਾ ਘਾਣ ਕਰਕੇ ਹੀ ਆਪਣੇ ਸਾਮਰਾਜੀ ਪਸਾਰ ਦੇ ਝੰਡੇ ਗੱਡੇ ਸਨ। ਵੀਹਵੀਂ ਸਦੀ ਦੌਰਾਨ ਯੁਨਾਈਟਿਡ ਕਿੰਗਡਮ ਤੋਂ ਬਾਅਦ ਪਹਿਲੇ ਸੰਸਾਰ ਯੁੱਧ ਅਤੇ ਦੂਸਰੇ ਯੁੱਧ ਦੌਰਾਨ ਇੰਗਲੈਂਡ- ਜਰਮਨੀ- ਫਰਾਂਸ- ਇਟਲੀ ਤੇ ਹੋਰ ਜਪਾਨ ਵਰਗੇ ਹੋਰ ਕਈ ਮੁਲਕ ਪਹਿਲਾਂ ਵਾਲੀ ਤਾਕਤ ਵਿੱਚ ਨਾਂ ਰਹੇ। 1917 ਵਿੱਚ ਭਾਵੇਂ ਰੂਸ ਵਿੱਚ ਇਨਕਲਾਬ ਆ ਚੁੱਕਾ ਸੀ। ਸਟਾਲਿਨ ਤੋਂ ਬਾਅਦ ਗਰਵਾਚੋਵ ਅਤੇ ਖੁਰਸ਼ਚੋਵ ਸਮੇਂ ਇਹ ਵੀ ਸਾਮਰਾਜੀ ਪਸਾਰੇ ਦੇ ਕਲਾਵੇ ਵਿੱਚ ਆ ਗਿਆ ਤੇ ਰੂਸ ਵਿੱਚ ਵੀ ਪਹਿਲਾਂ ਵਾਲੀ ਗੱਲ ਨਾ ਰਹੀ। ਇਸ ਤੋਂ ਪਹਿਲਾਂ 1949 ਵਿੱਚ ਚੀਨ ਵਿੱਚ ਖੇਤੀ ਇਨਕਲਾਬ ਆ ਚੁੱਕਾ ਸੀ। ਯੂ.ਐਨ.ਓ. ਦੀ ਸਥਾਪਨਾ ਤੋਂ ਬਾਅਦ ਹਥਿਆਰਾਂ ਦੀ ਦੌੜ ਵਿੱਚ ਅਮਰੀਕਾ ਕੌਮਾਂਤਰੀ ਪੱਧਰ 'ਤੇ ਥੋਕ ਦਾ ਵਪਾਰੀ ਬਣ ਚੁੱਕਾ ਸੀ। ਦੁਨੀਆਂ ਨੂੰ ਜੰਗ ਦੀ ਅੱਗ ਵਿੱਚ ਝੋਕ ਕੇ ਆਪਣੇ ਹਥਿਆਰਾਂ ਦੀ ਤਜ਼ਾਰਤ ਕਰਕੇ ਉਹ ਦੁਨੀਆਂ ਦੇ ਵਿਕਾਸਸ਼ੀਲ ਮੁਲਕਾਂ ਦੇ ਕੁਦਰਤੀ ਸੋਮਿਆ ਦਾ ਮਾਲਕ ਬਣਨਾ ਚਾਹੁੰਦਾ ਸੀ। ਪਹਿਲਾਂ ਵੀਅਤਨਾਮ ਯੁੱਧ ਅਤੇ ਫਿਰ ਇਰਾਨ- ਇਰਾਕ ਯੁੱਧ ਵਿੱਚ ਅਮਰੀਕਾ ਦੀ ਏਹੀ ਸਾਮਰਾਜੀ ਨੀਤੀ ਸਪੱਸ਼ਟ ਹੁੰਦੀ ਹੈ। ਜਦੋਂ ਸੋਵੀਅਤ ਰੂਸ ਵੱਖ-ਵੱਖ ਹਿੱਸਿਆਂ ਵਿੱਚ ਵੰਡਿਆ ਗਿਆ ਤਾਂ ਅਮਰੀਕਾ ਨੇ ਕੁੱਝ ਹਿੱਸਿਆਂ ਨੂੰ ਆਪਣੀ ਸਾਮਰਾਜੀ ਨੀਤੀ ਦੀ ਕਠਪੁਤਲੀ ਬਣਾ ਲਿਆ। ਜਿਸ ਦੀ ਸ਼ੁਰੂਆਤ ਫਰਵਰੀ 2022 ਤੋਂ ਰੂਸ ਯੂਕਰੇਨ ਯੁੱਧ ਤੋਂ ਹੁੰਦੀ ਹੈ।

ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਕਿਸੇ ਪੱਛਮੀ ਮੁਲਕ ਤੇ ਇਹ ਸਭ ਤੋਂ ਵੱਡਾ ਹਮਲਾ ਬਣ ਗਿਆ ਸੀ। ਜੂਨ 2022 ਤੱਕ ਰੂਸੀ ਫੌਜਾਂ ਨੇ ਯੂਕਰੇਨ ਦੇ 20% ਖੇਤਰ 'ਤੇ ਕਬਜਾ ਕਰ ਲਿਆ ਸੀ। ਯੂਕਰੇਨ ਨੂੰ ਹਥਿਆਰਾਂ ਦੀ ਮੱਦਦ ਅਮਰੀਕਾ ਕਰ ਰਿਹਾ ਹੈ। ਅਪ੍ਰੈਲ 2023 ਤੱਕ 8.2 ਮਿਲੀਅਨ ਤੋਂ ਵੱਧ ਲੋਕ ਦੇਸ਼ ਛੱਡ ਚੁੱਕੇ ਹਨ। ਇਸ ਨਾਲ ਯੋਰਪ ਦਾ ਸਭ ਤੋਂ ਵੱਡਾ ਸ਼ਰਨਾਰਥੀ ਸੰਕਟ ਪੈਦਾ ਹੋਇਆ ਹੈ। ਹਮਲੇ ਤੋਂ ਪਹਿਲਾਂ ਰੂਸੀ ਫੌਜ ਨੇ ਯੂਕਰੇਨ ਦੀਆਂ ਹੱਦਾਂ ਦੀ ਘੇਰਾਬੰਦੀ ਕੀਤੀ ਅਤੇ ਕਿਸੇ ਵੀ ਤਰ੍ਹਾਂ ਦੇ ਹਮਲੇ ਤੋਂ ਇਨਕਾਰ ਵੀ ਕੀਤਾ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਰੂਸ ਦੇ ਆਪਣੇ ਸਮਰਪਿਤ ਟੁੱਟੇ ਹੋਏ ਗਣਰਾਜਾਂ ਦੀ ਹਮਾਇਤ ਕਰਨ ਲਈ ਵਿਸ਼ੇਸ਼ ਸੈਨਿਕ ਕਾਰਵਾਈ ਦਾ ਐਲਾਨ ਕੀਤਾ ਜਿਨ੍ਹਾਂ ਦੇ ਅਰਧ ਸੈਨਿਕ ਬਲ 2014 ਤੋਂ ਡੈਨਬਾਸ ਵਿੱਚ ਯੂਕਰੇਨ ਨਾਲ ਲੜ ਰਹੇ ਸਨ। ਪੂਤਿਨ ਨੇ ਯੂਕਰੇਨ ਦੇ ਪ੍ਰਭੂਸਤਾ ਦੇ ਅਧਿਕਾਰ ਨੂੰ ਚੁਣੌਤੀ ਦੇਣ ਵਾਲੇ ਜ਼ਾਲਮਾਨਾ ਵਿਚਾਰਾਂ ਦਾ ਪੱਖ ਪੂਰਿਆ। ਪੂਤਿਨ ਨੇ ਝੂਠਾ ਦਾਅਵਾ ਕੀਤਾ ਕਿ ਯੂਕਰੇਨ ਵਿੱਚ ਘੱਟ ਗਿਣਤੀ ਰੂਸੀਆਂ ਨੂੰ ਸਤਾਉਣ ਵਾਲੇ ਨਾਜ਼ੀਆਂ ਦੁਆਰਾ ਸ਼ਾਸਨ ਕੀਤਾ ਗਿਆ ਸੀ। ਇਸ ਤਰ੍ਹਾਂ ਰੂਸ ਨੇ ਬੇਲਾਰੂਸ ਤੋਂ ਕੀਵ ਵੱਲ ਉੱਤਰੀ ਮੋਰਚੇ ਦੂਸਰੇ ਪਾਸੇ ਕ੍ਰੀਮੀਆ ਤੋਂ ਦੱਖਣੀ ਮੋਰਚੇ ਤੇ ਖਾਰਕੀਵ ਯੂਕਰੇਨ ਨੇ ਮਾਰਸ਼ਲ ਲਾਅ ਲਗਾ ਕੇ ਰੂਸ ਨਾਲੋਂ ਸਬੰਧ ਤੋੜ ਲਏ। ਬਿੱਲੀ ਦੇ ਭਾਗੀ ਛਿੱਕੂ ਟੁੱਟਾ ਦੇ ਅਖਾਣ ਵਾਂਗ ਅਮਰੀਕੀ ਸਾਮਰਾਜ ਲਈ ਇਹ ਸੁਨਿਹਰੀ ਮੌਕਾ ਸੀ ਅਤੇ ਅਮਰੀਕਾ ਅਤੇ ਉਸ ਦੇ ਸਮਰਥਕ ਦੇਸ਼ ਅਮਰੀਕਾ ਦਾ ਸਾਥ ਦੇਣ ਲੱਗੇ। ਹੁਣ ਅਮਰੀਕਾ ਯੂਕਰੇਨ ਨੂੰ ਹਥਿਆਰ ਦਿੰਦਾ ਹੈ। ਇਸ ਗੱਲ ਦਾ ਰੂਸ ਨੂੰ ਵੀ ਪਤਾ ਹੈ ਕਿ ਜੇ ਯੂਕਰੇਨ ਯੁੱਧ ਵਿੱਚ ਸਫ਼ਲ ਹੁੰਦਾ ਹੈ ਤਾਂ ਅਮਰੀਕਾ ਉਸ ਦੇ ਸਿਰ 'ਤੇ ਬੈਠ ਜਾਵੇਗਾ।

ਸਖ਼ਤ ਯੂਕਰੇਨੀ ਵਿਰੋਧ ਦਾ ਸਾਹਮਣਾ ਕਰਨ ਤੋਂ ਬਾਅਦ ਰੂਸੀ ਫੌਜਾਂ ਅਪ੍ਰੈਲ 2022 ਵਿੱਚ ਉੱਤਰੀ ਮੋਰਚੇ ਤੋਂ ਪਿਛਾਂਹ ਹਟ ਗਈਆਂ। ਦੱਖਣੀ ਪੂਰਬੀ ਮੋਰਚਿਆਂ 'ਤੇ ਰੂਸ ਨੇ ਤਬਾਹਕੁੰਨ ਘੇਰਾਬੰਦੀ ਕਰਕੇ ਮਾਰੀਓਪੋਲ ਤੇ ਮਈ ਵਿੱਚ ਕਬਜ਼ਾ ਕਰ ਲਿਆ ਅਤੇ ਉਸ ਨੇ ਡੈਨਾਬਾਸ 'ਤੇ ਨਵਾਂ ਹਮਲਾ ਕੀਤਾ। ਯੂਕਰੇਨ ਨੇ ਦੱਖਣ-ਪੂਰਬ ਵਿੱਚ ਸਫ਼ਲ ਜਵਾਬੀ ਹਮਲੇ ਕੀਤੇ। ਨਵੰਬਰ ਵਿੱਚ ਯੂਕਰੇਨ ਨੇ ਖੇਰਾਸਤ ਉਬਲਾਸਟ 'ਤੇ ਮੁੜ ਕਬਜਾ ਕਰ ਲਿਆ। ਇਹਨਾਂ ਹਮਲਿਆਂ ਦੀ ਕੌਮਾਂਤਰੀ ਪੱਧਰ 'ਤੇ ਨਿੰਦਿਆ ਹੋਈ। ਯੂ.ਐਨ.ਓ. ਨੇ ਜਨਰਲ ਐਸੰਬਲੀ ਵਿੱਚ ਰੂਸ ਦੀ ਪੂਰੀ ਫੌਜ ਦੀ ਵਾਪਸੀ ਦਾ ਮਤਾ ਪਾਸ ਕੀਤਾ। ਕੌਮਾਂਤਰੀ ਅਦਾਲਤ ਨੇ ਰੂਸੀ ਫੌਜ ਨੂੰ ਕਾਰਵਾਈਆਂ ਰੋਕਣ ਦਾ ਹੁਕਮ ਦਿੱਤਾ ਅਤੇ ਸਾਮਰਾਜੀ ਹਿੱਤਾਂ ਦੀ ਪੂਰਤੀ ਲਈ ਯੂਕਰੇਨ ਨੂੰ ਸਹਾਇਤਾ ਦਿੱਤੀ ਅਤੇ ਬਾਲਟਿਕ ਰਾਜਾਂ ਨੇ ਰੂਸ ਨੂੰ ਅੱਤਵਾਦੀ ਦੇਸ਼ ਐਲਾਨ ਦਿੱਤਾ। ਰੂਸ ਅਤੇ ਉਸਦੇ ਸਹਿਯੋਗੀ ਬੇਲਾਰੂਸ 'ਤੇ ਪਾਬੰਦੀਆਂ ਲਗਾਈਆਂ। ਰੂਸ ਵਿੱਚ ਜੰਗ ਵਿਰੋਧੀ ਮੁਜ਼ਾਹਰਾਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਇਸ ਦੇ ਖਿਲਾਫ਼ ਰੂਸ ਦੇ ਵਿਰੋਧ ਵਿੱਚ ਵਿਖਾਵੇ ਹੋਏ। ਮੀਡੀਆ ਤੇ ਸ਼ੈਸਰਸ਼ਿਪ ਕਾਨੂੰਨ ਲਾਗੂ ਕੀਤਾ ਗਿਆ।

ਮੌਜੂਦਾ ਸਮੇਂ ਗੰਭੀਰ ਸੰਕਟ ਵੱਲ ਵਧ ਰਹੀ ਦੁਨਿਆਵੀ ਆਰਥਿਕਤਾ ਨੇ ਤਬਾਹੀ- ਭੁੱਖਮਰੀ- ਗਰੀਬੀ ਅਤੇ ਜਨਤਕ ਜੀਵਨ ਹਾਲਤਾਂ ਨੂੰ ਦੁੱਭਰ ਬਣਾਇਆ। ਸਾਮਰਾਜੀ ਮੁਲਕਾਂ ਦਾ ਅਕਸਰ ਇਹ ਜਮਾਤੀ ਖਾਸਾ ਹੈ ਕਿ ਉਹ ਆਪਣੇ ਆਰਥਿਕ ਨੁਕਸਾਨ ਨੂੰ ਬਚਾਉਣ ਲਈ ਆਪਣੀਆਂ ਸਾਮਰਾਜੀ ਨੀਤੀਆਂ ਦਾ ਆਰਥਿਕ ਬੋਝ ਦੁਨੀਆਂ ਦੇ ਕਮਜ਼ੋਰ ਮੁਲਕਾਂ ਅਤੇ ਮਿਹਨਤਕਸ਼ ਲੋਕਾਂ 'ਤੇ ਪਾ ਦਿੰਦੇ ਹਨ। ਪੂੰਜੀਵਾਦੀ ਦੇਸ਼ਾਂ ਦੇ ਕੇਂਦਰੀ ਬੈਂਕ ਵਿਆਜ ਦਰਾਂ ਵਧਾ ਦਿੰਦੇ ਹਨ। ਜੋ ਕਿ ਹੁਣ 3.75% ਤੱਕ ਪਹੁੰਚ ਗਈਆਂ ਹਨ। ਇਹ ਦਰਾਂ ਵਧਣ ਨਾਲ ਅਮਰੀਕਾ ਦੇ ਕਰਜ਼ਦਾਰ ਦੇਸ਼ ਜੋ ਕਿ ਪਹਿਲਾਂ ਹੀ ਗਹਿਰੇ ਆਰਥਿਕ ਸੰਕਟ ਵਿੱਚ ਹਨ ਉਹਨਾਂ ਦੀ ਕਰੰਸੀ ਦੀ ਕੀਮਤ ਡਿੱਗ ਰਹੀ ਹੈ ਤੇ ਅਮਰੀਕੀ ਡਾਲਰ ਦੀ ਕੀਮਤ ਵਧ ਜਾਂਦੀ ਹੈ ਜਿਵੇਂ ਕਿ ਭਾਰਤ ਵਿੱਚ ਭਾਰਤ ਦੀ ਕਰੰਸੀ ਪਿਛਲੇ 20-25 ਸਾਲਾਂ ਦੌਰਾਨ ਇੱਕ ਡਾਲਰ ਦੇ 50-55 ਰੁਪਏ ਤੋਂ ਵਧਕੇ 80-85 ਰੁਪਏ ਤੱਕ ਪਹੁੰਚ ਗਈ ਹੈ। ਇਹ ਵਾਧਾ ਹੋਣ ਨਾਲ ਵਾਪਰਕ ਦਰਾਂ- ਦਰਾਮਦੀ ਕੀਮਤਾਂ ਵਿੱਚ ਵਾਧੇ ਕਾਰਨ ਸਥਾਨਿਕ ਮੁਦਰਾ ਸੰਕਟ ਖੜ੍ਹਾ ਹੋ ਗਿਆ ਹੈ। ਕੀਮਤਾਂ ਵਿੱਚ ਬੇਤਹਾਸ਼ਾਂ ਵਧਾ ਹੋ ਰਿਹਾ ਹੈ। ਖਾਸ ਕਰਕੇ ਖਾਧ ਪਦਾਰਥ ਕੀਮਤਾਂ ਵਧ ਰਹੀਆਂ ਹਨ। ਆਈ.ਐਮ.ਐਫ. ਦੇ ਅਰਥ ਸਾਸਤਰੀ ਮੌਰਿਸ ਓਬਸਟਫੀਲਡ ਦੀ ਚੇਤਾਵਨੀ ਹੈ ਕਿ ਭੋਜਨ ਦੀਆਂ ਵਧਦੀਆਂ ਕੀਮਤਾਂ ਸਮਾਜਿਕ ਬੇਚੈਨੀ ਅਤੇ ਲੋਕਾਂ ਵਿੱਚ ਬਗਾਵਤੀ ਚਿੰਨ-ਪੈਦਾ ਕਰ ਸਕਦੀਆਂ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਜ਼ਰਾਈਲ-ਫ਼ਲਸਤੀਨ ਯੁੱਧ ਵਾਂਗ ਯੂਕਰੇਨ ਰੂਸ ਯੁੱਧ ਸਾਮਰਾਜੀ ਇਛਾਵਾਂ ਦੀ ਪੂਰਤੀ ਲਈ ਲੜੀ ਜਾ ਰਹੀ ਹੈ। ਇਹ ਪੂੰਜੀਵਾਦੀ ਹਿੱਤਾਂ ਦੇ ਆਪਸੀ ਵਿਰੋਧ ਦੀ ਲੜਾਈ ਹੈ। ਇਸ ਦਾ ਮਕਸਦ ਯੂਕਰੇਨ ਦੇ ਲੋਕਾਂ ਦੀ ਬੰਦ ਖਲਾਸੀ ਜਾਂ ਪ੍ਰਭੂਸਤਾ ਦੀ ਬਹਾਲੀ ਲਈ ਨਹੀਂ ਸਗੋਂ ਪਸਾਰਵਾਦੀ ਸਾਮਰਾਜੀ ਆਰਥਿਕ ਸਿਆਸੀ ਹਿੱਤਾਂ ਦੀ ਪੂਰਤੀ ਲਈ ਹੈ। ਵਿਸ਼ਵ ਯੁੱਧ ਬਣਨ ਵਿੱਚ ਇੱਕ ਕਾਰਨ ਇਹ ਵੀ ਹੈ ਕਿ ਪਹਿਲਾਂ ਸਿਰਫ਼ ਅਮਰੀਕਾ ਹੀ ਪ੍ਰਮਾਣੂ ਸ਼ਕਤੀ ਸੀ। ਅੱਜ ਦੁਨੀਆਂ ਦੇ ਹੋਰਨਾਂ ਦੇਸ਼ਾਂ ਵਿੱਚ ਵੱਡੀ ਮਾਤਰਾ ਵਿੱਚ ਪ੍ਰਮਾਣੂ ਹਥਿਆਰ ਵਿਕਸਤ ਹੋ ਚੁੱਕੇ ਹਨ। ਜਿਸ ਨਾਲ ਇਸ ਧਰਤੀ ਤੋਂ ਮਨੁੱਖ- ਪਸ਼ੂ- ਪੰਛੀ ਬਨਸਪਤੀ ਗੱਲ ਕੀ ਸਭ ਕੁੱਝ ਖ਼ਤਮ ਹੋ ਜਾਵੇਗਾ। ਦੁਨੀਆਂ 'ਤੇ ਕਾਬਜ਼ ਹੋਣ ਵਾਲੇ ਸਾਮਰਾਜੀ ਵੀ ਨਹੀਂ ਰਹਿਣਗੇ। ਵਰਤਮਾਨ ਸਮੇਂ ਦੋਵੇਂ ਯੁੱਧ ਧਰਤੀ 'ਤੇ ਵਸਦੀ ਮਨੁੱਖਤਾਂ ਨੂੰ ਧਮਕੀ ਸਮਾਨ ਹੈ। ਇਹ ਅਖੌਤੀ ''ਲੋਕਤੰਤਰੀ ਅਮਰੀਕਾ'' ਅਤੇ ਰੂਸ ਚੀਨ ਵਿਚਕਾਰ ਜੰਗ ਹੈ। ਇਸ ਦੇਸ਼ ਮਨੁੱਖਤਾ ਦੀ ਰਾਖੀ ਲਈ ਨਹੀਂ ਸਗੋਂ ਆਪਣੀਆਂ ਕਾਬਜ਼ ਬਿਰਤੀਆਂ ਦੀ ਮਾਨਸਿਕਤਾ ਚੋਂ ਆਪਣੀਆਂ ਬਸਤੀਆਂ ਬਣਾਉਣ ਲਈ ਲੜ ਰਹੇ ਹਨ। ਮਨੋਰਥ ਸਪੱਸ਼ਟ ਹੈ ਕਿ ਅਮਰੀਕਾ ਨੇ ਰੂਸ ਦੇ ਯੌਰਪ ਵਿੱਚ ਵਪਾਰ ਨੂੰ ਠਿੱਬੀ ਲਗਾਉਣ ਲਈ ਅਤੇ ਆਪਣੇ ਵਪਾਰਕ ਹਿੱਤ ਵਧਾਉਣ ਲਈ ਯੂਕਰੇਨ ਦੇ ਮੋਢੇ 'ਤੇ ਰੱਖਕੇ ਉਸ ਨੂੰ ਇੱਕ ਮੋਹਰੇ ਵਜੋਂ ਵਰਤਿਆ ਹੈ। ਦੂਸਰੇ ਸੰਸਾਰ ਯੁੱਧ ਵਾਂਗ ਵਰਸੇਅ ਦੀ ਸੰਧੀ ਵਾਂਗ ਯੁੱਧ ਵਿੱਚ ਹਾਰੇ ਹੋਏ ਦੇਸ਼ਾਂ ਨੂੰ ਖੁੱਡੇ ਲਾਈਨ ਲਗਾਉਣ ਵਾਂਗ ਸ਼ਰਮਨਾਕ ਸ਼ਰਤਾਂ ਮਨਵਾਉਣ ਵਰਗੇ ਰੂਪ ਉੱਤੇ ਹੁਣ ਵੀ ਪਾਬੰਦੀਆਂ ਲਗਾਕੇ ਅਮਰੀਕਾ ਨੇ ਹਥਿਆਰਾਂ ਅਤੇ ਕਰਜ਼ਿਆਂ ਰਾਹੀਂ ਦੱਖਣੀ ਪੂਰਬੀ ਦੇਸ਼ਾਂ ਨਾਲ ਵਪਾਰ ਰਾਹੀਂ ਮੋਟੇ ਮੁਨਾਫੇ ਕਮਾਏ ਹਨ। ਦੂਸਰੇ ਪਾਸੇ ਰੂਸ ਨੇ ਭਾਰਤ ਚੀਨ- ਜਪਾਨ ਤੁਰਕੀ ਬ੍ਰਾਜ਼ੀਲ ਅਤੇ ਸਪੇਨ ਨਾਲ ਵਪਾਰ ਵਿੱਚ ਵਾਧਾ ਕੀਤਾ ਹੈ। ਉਧਰ ਚੀਨ ਨੇ ਕੇਂਦਰੀ ਏਸ਼ੀਆਂ-ਮੱਧ ਪੂਰਬ ਅਤੇ ਲਾਤੀਨੀ ਅਮਰੀਕਾ ਦੇ ਅਮਰੀਕੀ ਸਾਮਰਾਜ ਦੇ ਵਿਰੋਧੀ ਦੇਸ਼ਾਂ ਨਾਲ ਆਪਣੀਆਂ ਮੰਡੀਆਂ ਦਾ ਵਿਸਥਾਰ ਕੀਤਾ ਹੈ। ਇਸ ਤਰ੍ਹਾਂ ਕੋਈ ਵੀ ਜੰਗ ਸਾਮਰਾਜੀ ਦੇਸ਼ਾਂ ਦੇ ਪੂੰਜੀਪਤੀਆਂ ਲਈ ਨਿਆਮਤ ਹੈ। ਦੂਸਰੇ ਪਾਸੇ ਇਹ ਦੁਨੀਆਂ ਭਰ ਦੇ ਕਿਰਤੀਆਂ ਖਾਸ ਕਰਕੇ ਫ਼ਲਸਤੀਨੀ ਅਤੇ ਯੂਕਰੇਨ ਦੇ ਲੋਕਾਂ ਲਈ ਕਿਆਮਤ ਹੈ। ਸਰਕਾਰੀ ਅੰਕੜਿਆਂ ਮੁਤਾਬਿਕ ਸਤੰਬਰ 2022 ਵਿੱਚ ਮਹਿੰਗਾਈ ਦਰ 24.6% ਅਤੇ ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿੱਚ 49.9% ਭਾਵ ਦੁੱਗਣਾ ਵਾਧਾ ਹੋਇਆ ਹੈ ਅਤੇ ਉਜ਼ਰਤਾਂ ਪਹਿਲਾਂ ਵਾਲੀਆਂ ਹੀ ਹਨ। 50 ਲੱਖ ਲੋਕ ਨੌਕਰੀਆਂ ਤੋਂ ਹੱਥ ਧੋ ਕੇ ਬੇਰੁਜਗਾਰ ਹੋ ਚੁੱਕੇ ਹਨ। ਯੂਕਰੇਨ ਦੀ 30% ਖੇਤੀਯੋਗ ਜ਼ਮੀਨ ਬਿਨਾ ਬਿਜਾਈ ਤੋਂ ਰਹਿ ਜਾਵੇਗੀ। ਜਿਸ ਦਾ ਅਸਰ ਉਸ ਦੀ ਆਰਥਿਕਤਾ 'ਤੇ ਪਵੇਗਾ। ਏਹਨਾਂ ਦੋਹਾਂ ਯੁੱਧਾਂ ਦੌਰਾਨ ਲੱਖਾਂ ਲੋਕਾਂ ਦੀ ਜਾਨ ਚਲੀ ਗਈ ਹੈ। ਔਰਤਾਂ ਅਤੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਇਸ ਤੋਂ ਇਲਾਵਾ ਇਹਨਾਂ ਯੁੱਧ ਦੌਰਾਨ ਨਸ਼ਾ ਮਾਫੀਆ ਦਿਨੋ-ਦਿਨ ਵੱਧ ਰਿਹਾ ਹੈ। ਸਾਈਬਰ ਜੁਰਮ ਸਿਖਰਾਂ 'ਤੇ ਹੈ। ਯੁਕਰੇਨ ਦੇ 11% ਧੰਦੇ ਬੰਦ ਹੋ ਚੁੱਕੇ ਹਨ। ਯੂਨਾਨ ਦੇ ਦਾਰਸ਼ਨਿਕ ਐਸਲੇਕਸ ਦਾ ਕਹਿਣਾ ਹੈ ਕਿ 'ਯੁੱਧ ਵਿੱਚ ਪਹਿਲੀ ਮੌਤ ਸੱਚ ਹੀ ਹੁੰਦੀ ਹੈ।' ਫਿਰ ਕਥਨ ਫ਼ਲਸਤੀਨੀ ਲੋਕਾਂ ਅਤੇ ਯੂਕਰੇਨ ਦੀ ਹਾਲਤ 'ਤੇ ਢੁਕਦਾ ਹੈ। ਸਿਵਲੀਅਨ ਲੋਕਾਂ ਉੱਪਰ ਹਮਲੇ ਮਨੁੱਖੀ ਅਧਿਕਾਰਾਂ ਅਤੇ ਯੁੱਧ ਨਿਯਮਾਂ ਦੀ ਉਲੰਘਣਾਂ ਸ਼ਰੇਆਮ ਹੋਈ ਹੈ। ਸਾਮਰਾਜੀ ਮੁਲਕ ਆਪਣੇ ਸਿਆਸੀ ਅਤੇ ਕਿਰਤ ਲੁਟੇਰਿਆਂ ਦਾ ਰੂਪ ਧਾਰਨ ਕਰਕੇ ਆਪਣੇ ਝੂਠ (ਨਿੱਜੀ ਲਾਭ) ਦਾ ਵਪਾਰ ਕਰ ਰਹੇ ਹਨ। ਇਰਾਨ-ਇਰਾਕ-ਸੀਰੀਆ-ਫ਼ਲਸਤੀਨ ਤੇ ਯੂਕਰੇਨ ਦੀਆਂ ਜੰਗਾਂ ਦੀ ਤਬਾਹੀ ਤੋਂ ਸਪੱਸ਼ਟ ਹੈ ਕਿ ਇਸ ਦੀ ਭਰਪੂਰਤੀ ਕਈ ਪੀੜ੍ਹੀਆਂ ਤੱਕ ਨਹੀਂ ਹੋਣੀ। ਇਹ ਸਥਿਤੀ ਚਿੜੀਆਂ ਦਾ (ਸਧਾਰਨ ਕਿਰਤੀ ਲੋਕਾਂ) ਦਾ ਮਰਨ ਅਤੇ (ਸਾਮਰਾਜੀ ਅਤੇ ਲੁੱਟ ਦੀ ਤਜ਼ਾਰਤ ਕਰਨ ਵਾਲੇ) ਗਵਾਰਾਂ ਲਈ ਹਾਸਾ ਹੈ। ਉਹ ਨਿਸ਼ਚਿੰਤ ਹਨ ਕਿ ਦੰਦ ਰਹਿਤ ਕੌਮਾਂਤਰੀ ਸੰਗਠਨ ਉਸ ਦੀ ਕਠਪੁਤਲੀ ਹੈ ਤੇ ਲੋਕ ਸਿਰਫ਼ ਤੇ ਸਿਰਫ਼ ਕੀੜੇ-ਮਕੌੜੇ ਹਨ। ਇਹ ਉਹਨਾਂ ਦੀ ਸੋਚ ਹੈ। ਲੋੜ ਹੈ ਕਿ ਮਨੁੱਖਤਾ ਤੇ ਵਾਰ ਕਰਨ ਵਾਲੇ ਗੁੱਟਾਂ ਨੂੰ ਕਿਰਤੀਆਂ ਦੇ ਕੌਮਾਂਤਰੀ ਵਿਰੋਧ ਦੀ ਤਾਕਤ ਨਾਲ ਫੜ੍ਹਕੇ ਉਹਨਾਂ ਦੇ ਸਾਮਰਾਜੀ ਮਨਸੂਬਿਆਂ ਨੂੰ ਮਿੱਟੀ ਵਿੱਚ ਮਿਲਾਇਆ ਜਾਵੇ।

**- ਪਿੰਡ ਤੇ ਡਾਕ ਬੌਡੇ (ਜ਼ਿਲ੍ਹਾ ਮੋਗਾ)**




# ..ਤੇ ਜਦੋਂ ਘਰ-ਘਰ ਗੱਲਾਂ ਹੋਈਆਂ 100 ਸਾਲਾ ਗੱਭਰੂ ਫੌਜਾ ਸਿੰਘ ਦੀਆਂ

100 ਸਾਲਾਂ ਦੇ ਜਵਾਨ ਗੱਭਰੂ ਫੌਜਾ ਸਿੰਘ ਬਾਰੇ ਅਕਸਰ ਹੀ 70-80 ਸਾਲਾਂ ਦੇ ਬਾਬੇ ਸੱਥਾਂ ਵਿਚ ਬੈਠੇ ਗੱਲਾਂ-ਬਾਤਾਂ ਕਰਦੇ ਹਨ। ਬਈ ਪਤੰਦਰ ਦੀ ਰੱਬ ਨਾਲ ਪਤਾ ਨੀ ਕੀ ਆੜ੍ਹੀ ਆ..? ਐਨੀ ਉਮਰ ਵਿਚ ਵੀ ਦੁਨੀਆਂ ਜਿੱਤੀ ਫਿਰਦਾ..ਫੌਜਾ ਸਿੰਘ ਨੇ 89 ਸਾਲ ਦੀ ਉਮਰ ਵਿਚ ਦੌੜਨਾ ਸ਼ੁਰੂ ਕੀਤਾ। ਐਨੀ ਉਮਰ ਵਿਚ ਤਾਂ ਅਕਸਰ ਹੀ ਲੋਕ ਧਰਮਰਾਜ ਦੇ ਕੋਲ ਪਹੁੰਚ ਜਾਂਦੇ ਹਨ ਜਾਂ ਕਈ ਬਿਮਾਰੀਆਂ ਦੇ ਕਾਰਨ ਰਜਾਈਆਂ 'ਚ ਪਏ ਚੂਕੀ ਜਾਂਦੇ ਆ..ਨਾਲੇ ਕਈ ਜਾਣਗੇ ਹੁਣ 80-85 ਦੇ ਹੋ ਗਏ ਹਾਂ। ਹੁਣ ਜਾਣਾ ਵੀ ਆ..ਬਹੁਤ ਰੌਣਕ ਮੇਲੇ ਦੇਖ ਗਏ, ਪਰ ਹਿੰਮਤੀ ਫੌਜਾ ਸਿੰਘ ਦੀ ਹਿੰਮਤ ਸਿਦਕ ਦੀ ਦਾਦ ਦੇਣੀ ਵੀ ਬਣਦੀ ਹੈ ਅਤੇ ਕੁੱਲ ਦੁਨੀਆਂ ਦਾਦ ਦੇ ਵੀ ਰਹੀ ਹੈ। ਪੰਜਾਬੀਆਂ ਨੂੰ ਇਸ 100 ਸਾਲਾਂ ਤੋਂ ਉਪਰ ਉਮਰ ਦੇ ਜਵਾਨ ਫੌਜਾ ਸਿੰਘ 'ਤੇ ਮਣਾ-ਮੂਹੀ ਮਾਣ ਹੈ ਅਤੇ ਮਾਣ ਹੋਵੇ ਵੀ ਕਿਉਂ ਨਾ..? ਕਿਉਂਕਿ ਐਨੀ ਉਮਰ ਵਿਚ ਦੌੜਨਾ ਕਿਸੇ ਚਮਤਕਾਰ ਤੋਂ ਘੱਟ ਨਹੀਂ। ਕੁਦਰਤ ਦੀ ਮਿਹਰਬਾਨੀ ਵੀ ਕਹੀ ਜਾ ਸਕਦੀ ਹੈ। ਫੌਜਾ ਸਿੰਘ ਨੇ ਦੁਨੀਆਂ ਨੂੰ ਦੱਸ ਦਿੱਤਾ ਕਿ ਜੇ ਹਿੰਮਤ, ਦ੍ਰਿੜ ਵਿਸ਼ਵਾਸ਼, ਬੁਲੰਦ ਹੌਂਸਲੇ ਨਾਲ ਤੁਸੀਂ ਮੰਜ਼ਿਲ ਵੱਲ ਵੱਧਦੇ ਹੋ ਤਾਂ ਕੌਣ ਹੈ ਜੋ ਤੁਹਾਨੂੰ ਰਸਤੇ ਵਿਚ ਰੋਕ ਲਵੇ..? ਤੁਸੀਂ ਮੰਜ਼ਿਲਾਂ ਸਰ ਕਰ ਲਵੋਗੇ, ਪਰ ਤੁਹਾਡੇ ਅੰਦਰ ਜਜਬਾ ਚਾਹੀਦਾ ਹੈ। ਜਲੰਧਰ, ਪਠਾਨਕੋਟ ਸੜਕ 'ਤੇ ਵੱਸਦੇ ਪ੍ਰਸਿੱਧ ਪਿੰਡ ਬਿਆਸ ਵਿਖੇ 1 ਅਪ੍ਰੈਲ 1911 ਨੂੰ ਫੌਜਾ ਸਿੰਘ ਦਾ ਜਨਮ ਹੋਇਆ। ਪੜ੍ਹਾਈ ਪੱਖੋਂ ਕੋਰਾ ਇਕ ਦਿਨ ਵੀ ਉਹ ਸਕੂਲ ਨਹੀਂ ਗਿਆ ਅਤੇ ਬਚਪਨ ਵਿਚ ਵੀ ਉਸ ਦੀ ਸਿਹਤ ਵੀ ਕੋਈ ਬਹੁਤ ਵਧੀਆ ਨਹੀਂ ਸੀ। ਉਹ ਪਤਲਾ-ਪਤੰਗ ਸੀ। ਫੌਜਾ ਸਿੰਘ ਦੇ ਦੱਸਣ ਮੁਤਾਬਿਕ ਉਹ ਬਚਪਨ ਵਿਚ ਐਨਾ ਕਮਜ਼ੋਰ ਸੀ ਕਿ ਥੋੜ੍ਹੀ ਦੂਰ ਤੱਕ ਤੁਰ ਕੇ ਉਸ ਦਾ ਸਾਹ ਫੁੱਲ ਜਾਂਦਾ ਸੀ। ਇਂਜ ਲੱਗਦਾ ਸੀ ਜਿਵੇਂ ਲੱਤਾਂ ਵਿਚ ਜਾਨ ਹੀ ਨਾ ਹੋਵੇ। ਸਾਧਾਰਨ ਪਰਿਵਾਰ ਵਿਚ ਜਨਮਿਆ ਫੌਜਾ ਸਿੰਘ ਅੱਜ-ਕੱਲ੍ਹ ਬਿਟ੍ਰੇਨ ਦਾ ਵਾਸੀ ਹੈ। ਕਾਫੀ ਸਮਾਂ ਪਹਿਲਾ ਉਹ ਬਿਟ੍ਰੇਨ ਆ ਵਸਿਆ ਸੀ। ਇੱਥੇ ਕਿਹੜਾ ਅਰਾਮ ਸੀ ਕਰਮਾ ਵਿਚ..। ਤਰੱਕੀ ਲਈ ਹਰ ਬੰਦਾ ਹੱਥ-ਪੈਰ ਮਾਰਦਾ, ਉਸ ਨੇ ਵੀ ਦਿਨ-ਰਾਤ ਕੰਮ ਕੀਤਾ। ਵੈਸੇ ਤਾਂ ਹਰ ਇਨਸਾਨ ਦੀ ਉਮਰ ਵਿਚ ਦੁੱਖ-ਸੁੱਖ ਆਉਂਦੇ-ਜਾਂਦੇ ਹੀ ਰਹਿੰਦੇ ਹਨ। ਪਰ 89 ਸਾਲ ਦੀ ਉਮਰ ਵਿਚ ਫੌਜਾ ਸਿੰਘ ਦੇ ਪਰਿਵਾਰ 'ਤੇ ਇਕ ਸਦੀਵੀਂ ਦੁੱਖਾਂ ਦਾ ਪਹਾੜ ਡਿੱਗ ਪਿਆ। ਇਕ ਹਾਦਸੇ ਵਿਚ ਉਨ੍ਹਾਂ ਦੀ ਪਤਨੀ ਅਤੇ ਬੱਚੇ ਦੀ ਮੌਤ ਹੋ ਗਈ। ਇਸ ਦੁੱਖ ਨੇ ਫੌਜਾ ਸਿੰਘ ਨੂੰ ਅੰਦਰੋਂ ਹਿਲਾ ਦਿੱਤਾ। ਉਹ ਅਕਸਰ ਹੀ ਚੁੱਪ-ਚਾਪ ਜਿਹਾ ਰਹਿਣ ਲੱਗ ਪਿਆ। ਪਰਿਵਾਰ ਦੇ ਜੀਆਂ ਦਾ ਵਿਛੋੜਾ ਜਰਨਾ ਔਖਾ ਹੋ ਗਿਆ। ਇਸ ਦੁੱਖ 'ਚੋਂ ਨਿਕਲਣ ਲਈ ਉਸ ਨੇ ਮਨ ਬਣਾਇਆ ਗਿਆ ਕਿ ਮੈਂ ਥੋੜ੍ਹਾ ਦੌੜਿਆ ਕਰਾਂ। ਇਹ ਰੁਝਾਨ ਮੈਨੂੰ ਗਮ 'ਚੋਂ ਕੱਢ ਦੇਵੇਗਾ। ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਇਹ ਸ਼ੌਂਕ ਉਸ ਨੂੰ ਦੁਨੀਆਂ ਭਰ ਵਿਚ ਮਸ਼ਹੂਰ ਕਰ ਦੇਵੇਗਾ। ਸ਼ੁਰੂਆਤ ਵੇਲੇ ਤੇਜ਼-ਤੇਜ਼ ਤੁਰਨਾ, ਕੁਝ ਦੂਰੀ ਤੱਕ ਦੌੜਨਾ ਉਸ ਨੇ ਸ਼ੁਰੂ ਕੀਤਾ ਅਤੇ 8 ਸਾਲਾਂ ਦੀ ਘੋਰ ਤਪੱਸਿਆ ਤੋਂ ਬਾਅਦ ਉਸ ਨੇ ਕੌਮਾਂਤਰੀ ਮੈਰਾਥਨ ਵਿਚ ਹਿੱਸਾ ਲਿਆ। ਉਸ ਨੇ ਪਹਿਲੀ ਦੌੜ 2000 ਸੰਨ ਵਿਚ ਲੰਡਨ ਮੈਰਾਥਨ ਦੌੜੀ ਸੀ। ਉਹ 26.2. ਮੀਲ ਫਾਸਲੇ ਨੂੰ ਫੌਜਾ ਸਿੰਘ ਨੇ 6 ਘੰਟੇ 54 ਮਿੰਟ ਵਿਚ ਪੂਰੀ ਕੀਤੀ। ਸਭ ਹੈਰਾਨ ਸਨ, ਐਨੀ ਉਮਰ ਵਿਚ ਐਨੀ ਦੂਰੀ ਭੱਜ ਕੇ ਤਹਿ ਕਰਨੀ ਹੈਰਾਨੀਜਨਕ ਗੱਲ ਸੀ। ਪਤਲੇ-ਪਤੰਗ ਫੌਜਾ ਸਿੰਘ ਦਾ ਭਾਰ 52 ਕਿਲੋ ਅਤੇ ਕੱਦ 5 ਫੁੱਟ 8 ਇੰਚ..ਦੌੜਦੇ ਸਮੇਂ ਰੱਬ ਨੂੰ ਧਿਉਂਦਾ ਕਹਿੰਦਾ ਹੈ..ਮੇਰੀ ਰੱਖਿਓ ਲਾਜ ਗੁਰੂਦੇਵ.....। ਪੂਰੀ ਦੁਨੀਆਂ ਵਿਚ ਸਿੱਖਾਂ ਦਾ ਮਾਣ ਵਧਾਉਣ ਵਾਲੇ ਫੌਜਾ ਸਿੰਘ ਦੇ ਨਾਮ ਅਨੇਕਾਂ ਰਿਕਾਰਡ ਬੋਲਦੇ ਹਨ। ਸਾਲ 2003 ਵਿਚ ਟੋਰਾਂਟੋ ਵਿਖੇ 90 ਸਾਲਾਂ ਤੋਂ ਵੱਧ ਪੁਰਸ਼ ਵਰਗ ਦੀ ਮੈਰਾਥਨ ਦੌੜ ਵਿਚ ਵੀ ਫੌਜਾ ਸਿੰਘ ਨੇ ਹਿੱਸਾ ਲਿਆ। ਉਸ ਨੇ ਇਹ ਦੌੜ 5 ਘੰਟੇ 40 ਮਿੰਟ ਵਿਚ ਪੂਰੀ ਕੀਤੀ। ਇਹ ਰਿਕਾਰਡ ਵੀ ਉਸ ਦੇ ਨਾਮ ਬੋਲਦਾ ਹੈ। ਬੇਸ਼ੱਕ ਫੌਜਾ ਸਿੰਘ ਦੇ ਕੋਚ ਨੇ ਇਹ ਦੌੜ ਪੂਰੀ ਕਰਨ ਲਈ 9 ਘੰਟੇ ਦਾ ਟਿੱਚਾ ਮਿੱਥਿਆ ਸੀ। ਪਰ ਫੌਜਾ ਸਿੰਘ ਨੇ 5 ਘੰਟੇ 40 ਮਿੰਟ ਵਿਚ ਦੌੜ ਪੂਰੀ ਕਰਕੇ ਹੈਰਾਨ ਕਰ ਦਿੱਤਾ। ਉਸ ਨੇ ਲੰਡਨ ਵਿਚ ਪੰਜ ਅਤੇ ਨਿਊਯਾਰਕ ਵਿਚ ਇਕ ਮੈਰਾਥਨ ਦੌੜ ਵਿਚ ਹਿੱਸਾ ਲਿਆ। ਫਿਰ ਟੋਰਾਂਟੋ ਵਾਟਰਫਰੰਟ ਮੈਰਾਥਨ ਵਿਚ 100 ਸਾਲ ਦੀ ਉਮਰ ਵਿਚ ਹਿੱਸਾ ਲੈ ਕੇ ਸਭ ਨੂੰ ਹੈਰਾਨ ਕਰ ਦਿੱਤਾ। ਦੁਨੀਆਂ ਉਸ ਦੇ ਨਾਮ ਦੀ ਮਿਸਾਲ ਦੇਣ ਲੱਗੀ। ਪੂਰੀ ਦੁਨੀਆਂ ਵਿਚ ਸਿੱਖਾਂ ਦੇ ਨਾਮ ਦੀ ਝੰਡੀ ਗੱਡ ਦਿੱਤੀ ਫੌਜਾ ਸਿੰਘ ਨੇ। 100 ਸਾਲ ਦੀ ਉਮਰ ਵਿਚ ਟੋਰਾਂਟੋ ਵਾਟਰਫਰੰਟ ਮੈਰਾਥਨ ਦੌੜ ਉਸ ਨੇ 8 ਘੰਟੇ 11 ਮਿੰਟ ਅਤੇ 6 ਸੈਕਿੰਡ ਵਿਚ ਪੂਰੀ ਕੀਤੀ। 100, 200, 400, 800, 1500, 3000, 5000 ਮੀਟਰ ਦੀਆਂ ਦੌੜਾਂ ਵਿਚ ਹਿੱਸਾ ਲੈ ਕੇ ਫੌਜਾ ਸਿੰਘ ਨੇ ਵੱਖਰੇ ਕੀਰਤੀਮਾਨ ਸਥਾਪਿਤ ਕੀਤੇ। ਦੇਸੀ ਖੁਰਾਕ, ਘਿਓ, ਲੱਸੀ, ਦੁੱਧ, ਮੱਕੀ ਦੀ ਰੋਟੀ, ਸਰੋਂ ਦੇ ਸਾਗ ਦੇ ਸ਼ੌਂਕੀਨ ਫੌਜਾ ਸਿੰਘ ਨੇ ਕਿਹਾ ਕਿ ਮੇਰੀ ਆਖਰੀ ਤੁਮੰਨਾ ਹੈ ਕਿ ਮੈਂ ਆਖਰੀ ਦਮ ਤੱਕ ਦੌੜਦਾ ਰਹਾ। ਉਸ ਨੇ ਦੱਸਿਆ ਕਿ ਉਹ ਹੁਣ ਲੰਡਨ ਓਲੰਪਿਕ 2012 ਵਿਚ ਹਿੱਸਾ ਲੈਣ ਲਈ ਪੂਰੀ ਜੀਅ-ਜਾਨ ਨਾਲ ਮਿਹਨਤ ਕਰ ਰਿਹਾ ਹੈ। ਉਨ੍ਹਾਂ ਨੇ ਉਮੀਦ ਜਗਾਈ ਹੈ ਕਿ ਉਹ ਓਲੰਪਿਕ ਮਿਸਾਲ ਲੈ ਕੇ ਦੌੜਨਗੇ ਅਤੇ ਪੂਰੀ ਦੁਨੀਆਂ ਨੂੰ ਇਸ ਗੱਲ ਦਾ ਸੰਦੇਸ਼ ਪਹੁੰਚੇਗਾ ਕਿ ਹਿੰਮਤ, ਲਗਨ, ਵਿਸ਼ਵਾਸ਼ ਨਾਲ ਜੇ ਤੁਸੀਂ ਮਿਹਨਤ ਕਰਦੇ ਹੋ ਤਾਂ ਪਹਾੜ ਤੁਹਾਡੀ ਜੁੱਤੀ ਥੱਲੇ ਹੋਵੇਗਾ। ਉਨ੍ਹਾਂ ਕਿਹਾ ਕਿ ਉਸ ਦਾ ਟੀਚਾ 101 ਸਾਲ ਦੀ ਉਮਰ ਵਿਚ ਮਈ 2012 ਨੂੰ ਐਡਿਨਬਰਗ ਮੈਰਾਥਨ ਦੌੜ ਵਿਚ ਵੀ ਹਿੱਸਾ ਲਵੇਗਾ। ਉਨ੍ਹਾਂ ਨੇ ਇਸ ਵਿਚ ਆਪਣਾ ਨਾਮ ਵੀ ਦਰਜ ਕਰਵਾ ਦਿੱਤਾ ਹੈ। ਇਸ ਲਈ ਉਹ ਰੋਜ਼ਾਨਾ 10-12 ਮੀਲ ਦੀ ਦੌੜ ਲਾ ਕੇ ਅਭਿਆਸ ਵੀ ਕਰਦੇ ਹਨ। ਫੌਜਾ ਸਿੰਘ ਦੇ ਬਣਾਏ ਵੱਖਰੇ ਰਿਕਾਰਡ ਕਾਰਨ ਇਕ ਵਾਰ ਉਸ ਦਾ ਨਾਮ ਗਿੰਨੀਜ਼ ਵਰਲਡ ਰਿਕਾਰਡਜ਼ ਲਈ ਉੱਭਰ ਕੇ ਸਾਹਮਣੇ ਆਇਆ ਸੀ। ਪਰ ਗਿੰਨੀਜ਼ ਵਰਲਡ ਰਿਕਾਰਡਜ਼ ਦੇ ਮੁੱਖ ਸੰਪਾਦਕ ਕ੍ਰੈਗ ਗਲੇਨਡੇਅ ਨੇ ਦੱਸਿਆ ਕਿ ਫੌਜਾ ਸਿੰਘ ਆਪਣੇ ਜਨਮ ਦਾ ਸਰਟੀਫਿਕੇਟ ਨਹੀਂ ਦੇ ਸਕੇ। ਇਸ ਲਈ ਉਨ੍ਹਾਂ ਦਾ ਨਾਮ ਦਰਜ ਕਰਨਾ ਮੁਸ਼ਕਿਲ ਹੈ। ਅਸੀਂ ਜਨਮ ਦੇ ਸਾਲ ਵਿਚ ਤਿਆਰ ਕੀਤੇ ਅਧਿਕਾਰਤ ਜਨਮ ਸਰਟੀਫਿਕੇਟ ਹੀ ਪ੍ਰਵਾਨ ਕਰਦੇ ਹਾਂ। ਦੂਜੇ ਪਾਸੇ ਫੌਜਾ ਸਿੰਘ ਦਾ ਕਹਿਣਾ ਹੈ ਕਿ ਮੈਨੂੰ ਪੂਰੀ ਦੁਨੀਆਂ ਨੇ ਦੌੜਦਾ ਦੇਖਿਆ ਹੈ,




ਮੇਰਾ ਸਭ ਤੋਂ ਵੱਡਾ ਰਿਕਾਰਡ ਇਹ ਹੀ ਹੈ। ਗਿੰਨੀਜ਼ ਵਰਲਡ ਰਿਕਾਰਡ ਵਿਚ ਨਾਮ ਨਾਂ ਦਰਜ ਹੋਣ ਦਾ ਮੈਨੂੰ ਕੋਈ ਦੁੱਖ ਨਹੀਂ। ਮੈਨੂੰ ਪੂਰੀ ਦੁਨੀਆਂ ਵਿਚ ਸਿੱਖ ਵਜੋਂ ਪਹਿਚਾਣ ਬਣਾਉਣ ਦਾ ਵੱਡਾ ਮਾਣ ਹੈ। ਹੁਸ਼ਿਆਰਪੁਰ ਦੇ ਵਾਸੀ ਖੁਸ਼ਵੰਤ ਸਿੰਘ ਦੁਆਰਾ ਫੌਜਾ ਸਿੰਘ ਦੇ ਜੀਵਨ 'ਤੇ ਿ 'ਟਰਬਨਡ ਟਰਾਡੋ' ਲੰਡਨ ਵਿਚ ਸਭ ਤੋਂ ਵੱਧ ਵਿਕਣ ਵਾਲੀਆਂ ਪੁਸਤਕਾਂ ਵਿਚੋਂ ਇਕ ਹੈ। ਲੰਡਨ ਤੋਂ ਬਾਅਦ ਚੰਡੀਗੜ੍ਹ ਵਿਚ ਇਸ ਪੁਸਤਕ ਨੂੰ ਜਾਰੀ ਕਰਦਿਆਂ ਫੌਜਾ ਸਿੰਘ ਨੇ ਕਿਹਾ ਕਿ ਇਸ ਪੁਸਤਕ ਨੇ ਜਿੱਥੇ ਮੇਰਾ ਹੌਂਸਲਾ ਵਧਾਇਆ, ਉੱਥੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਬਣੇਗੀ ਇਹ ਪੁਸਤਕ। ਇਸ ਵਿਚ ਕੋਈ ਸ਼ੱਕ ਨਹੀਂ ਕਿ ਫੌਜਾ ਸਿੰਘ ਸਾਡਾ ਮਾਣ ਹੈ, ਸਾਡੀ ਸ਼ਾਨ ਹੈ ਅਤੇ ਪ੍ਰਾਪਤੀ ਦੇ ਰਾਹ ਵੇਖਣ ਵਾਲੇ ਉਨ੍ਹਾਂ ਇਨਸਾਨਾਂ ਲਈ ਸਭ ਤੋਂ ਵੱਡੀ ਮਿਸਾਲ ਵੀ ਹੈ 100 ਸਾਲਾ ਗੱਭਰੂ ਫੌਜਾ ਸਿੰਘ।



ਵਧੀਆ ਕੁਆਲਟੀ ਵਿੱਚ ਫਲੈਕਸਾ, ਵਾਲਪੇਪਰ ਬਣਵਾਉਣ ਅਤੇ ਫਲੈਕਸਾ ਲਗਵਾਉਣ ਲਈ
ਜੰਤਰੀਆਂ, ਕੈਲੰਡਰ, ਮੈਗਜੀਨ, ਪੁਸਤਕਾਂ ਡਾਇਰੀਆਂ,
ਛਪਵਾਉਣ ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:
ਮਹਿਕ ਵਤਨ ਦੀ ਐਡਵੇਟਾਈਜ਼ਮੈਂਟ ਕੰਪਨੀ (ਰਜਿ:)
Help Line: 9988-92-9988
E-mail: mehakwattandi@rediffmail.com
www.mehakwatandilive.com

**ਕਹਾਣੀ**

# ਇਸ਼ਕ

**ਵਰਿੰਦਰ ਕੌਰ ਰੰਧਾਵਾ**

ਨੂਰਾਨੀ ਤੇ ਗੁਰਮੇਲ ਇਕ ਟੈਲੀਫੂਨ ਦੇ ਗਲਤ ਨੰਬਰ ਲੱਗਣ ਕਰਕੇ ਇਕ ਦੂਜੇ ਨੂੰ ਮਿਲੇ ਸਨ। ਅਚਾਨਕ ਇਕ ਦਿਨ ਨੂਰਾਨੀ ਦੇ ਘਰ ਫੋਨ ਆਇਆ, ਜਿਸ ਦੀ ਪਹਿਚਾਣ ਨਾ ਹੋਣ ਤੇ ਨੂਰਾਨੀ ਨੇ 'ਗਲਤ ਨੰਬਰ' ਕਹਿ ਕੇ ਗੁਰਮੇਲ ਦਾ ਫੋਨ ਕੱਟ ਦਿੱਤਾ ਸੀ। ਗੁਰਮੇਲ ਦੇ ਕੰਨਾਂ ਵਿਚ ਅਜਨਬੀ ਅਵਾਜ਼ ਐਨਾ ਘਰ ਜਿਹਾ ਕਰ ਗਈ ਸੀ ਕਿ ਉਸ ਨੇ ਅਗਲੇ ਦਿਨ ਫਿਰ ਉਹੀ ਨੰਬਰ ਮਿਲਾ ਲਿਆ ਸੀ। ਅੱਗੋਂ ਨੂਰਾਨੀ ਨੇ 'ਗਲਤ ਨੰਬਰ' ਲਿਖ ਕੇ ਸੇਵ ਕਰ ਰੱਖਿਆ ਸੀ। ਜਿਸ ਗੱਲ ਦਾ ਖਦਸ਼ਾ ਸੀ, ਉਹੀ ਗੱਲ ਹੋ ਗਈ ਤਾਂ ਉਹ ਅੱਗੋਂ ਗੁੱਸੇ ਵਿਚ ਬੋਲਣ ਲੱਗ ਪਈ। ਪਰ, ਗੁਰਮੇਲ ਨਿਮਰਤਾ ਭਰੇ ਲਹਿਜੇ ਵਿਚ ਬੋਲਿਆ, 'ਜੀ ਮੈਂ ਗਲਤ ਇਰਾਦੇ ਨਾਲ ਫੋਨ ਨਹੀਂ ਕੀਤਾ, ਆਪ ਨੂੰ।' ਸੁਣ ਕੇ ਨੂਰਾਨੀ ਚੁੱਪ ਹੋ ਗਈ।

ਤਿੰਨ ਕੁ ਦਿਨਾਂ ਬਾਦ ਗੁਰਮੇਲ ਦਾ ਮੁੜ ਫੋਨ ਆਇਆ, ਜਿਸ ਨੂੰ ਨੂਰਾਨੀ ਹਾਸੇ ਵਿਚ ਲੈ ਗਈ ਤੇ ਬੋਲੀ 'ਹੁਣ ਬੜੇ ਦਿਨਾਂ ਬਾਅਦ ਗਲਤ ਨੰਬਰ ਲੱਗਾ ਜੀ।' ਉਸ ਦੀ ਗੱਲਬਾਤ ਤੋਂ ਇੰਝ ਲੱਗਦਾ ਸੀ ਜਿਉਂ ਕਿ ਸ਼ਾਇਦ ਉਹ ਵੀ ਉਚੇਚਾ ਉਡੀਕ ਕਰ ਰਹੀ ਹੋਵੇ ਉਸ ਦੇ ਫੋਨ ਦੀ। ਅੱਜ ਉਨ੍ਹਾਂ ਨੇ ਬੜੀ ਅਪਣੱਤ ਭਰੇ ਪਿਆਰ ਵਿਚ ਗੱਲਾਂ ਕੀਤੀਆਂ। ਆਪਣੇ ਆਪ ਬਾਰੇ ਦੱਸਿਆ ਅਤੇ ਦੂਜੇ ਬਾਰੇ ਪੁੱਛਿਆ ਵੀ। ਹੁਣ ਉਹ ਇਕ ਦੂਜੇ ਲਈ ਅਜਨਬੀ ਨਹੀਂ ਸਨ ਰਹਿ ਗਏ।

ਹੁਣ ਉਹ ਹੌਲੀ-ਹੌਲੀ ਇਕ ਦੂਜੇ ਦੇ ਵਧੀਆ ਦੋਸਤ ਬਣ ਗਏ ਸਨ। ਰੋਜ਼ਾਨਾ ਇਕ ਦੂਜੇ ਨੂੰ ਦਿਨ ਵਿਚ ਇਕ ਦੋ ਬਾਰ ਜ਼ਰੂਰ ਫੋਨ ਕਰਦੇ। ਨੂਰਾਨੀ ਗਰੀਬ ਪਰਿਵਾਰ ਦੀ ਕੁੜੀ ਸੀ। ਗੁਰਮੇਲ ਮੁਲਾਜਮ ਸੀ। ਚੰਗੀ ਨੌਕਰੀ ਸੀ। ਉਹ ਉਸ ਦੀ ਵਿੱਤੀ ਮਦਦ ਕਰਨ ਲੱਗਿਆ। ਕਦੀ ਮਨੀਆਰਡਰ ਭੇਜ ਦਿੰਦਾ ਅਤੇ ਕਦੀ ਉਸ ਦੇ ਬੈਂਕ ਅਕਾਊਂਟ 'ਚ ਪੈਸੇ ਪਾ ਦਿੰਦਾ। ਉਹ ਨੂਰਾਨੀ ਨੂੰ ਦੁਖੀ ਨਹੀਂ ਸੀ ਦੇਖ ਸਕਦਾ। ਗੱਲ ਗੁਰਮੇਲ ਦੇ ਯਾਰਾਂ ਦੋਸਤਾਂ ਤਕ ਅੱਪੜ ਗਈ। ਉਹ ਉਸ ਨੂੰ ਬੋਲਦੇ, 'ਬਿਨਾਂ ਮਿਲੇ, ਬਿਨਾਂ ਦੇਖੇ ਤੂੰ ਇਕ ਅਜਨਬੀ ਲੜਕੀ ਨੂੰ ਕਿਵੇਂ ਪੈਸੇ ਭੇਜੀ ਜਾ ਰਿਹਾ ਏਂ! ਕੀ ਲਗਾਵ ਹੈ ਤੈਨੂੰ ਓਸ ਅਜਨਬੀ ਕੁੜੀ ਨਾਲ? ਕਿੱਧਰੇ ਤੈਨੂੰ ਇਸ਼ਕ ਹੀ ਤਾਂ ਨਹੀ ਹੋ ਗਿਆ, ਉਸ ਕੁੜੀ ਨਾਲ?'

ਗੁਰਮੇਲ ਬੋਲਦਾ, 'ਇਸ਼ਕ ਤਾਂ ਹੋ ਹੀ ਗਿਆ ਹੈ। ਪਰ ਇਸ਼ਕ ਉਹ ਨਹੀਂ ਜਿਸ ਨੂੰ ਤੁਸੀ ਇਸ਼ਕ ਸਮਝਦੇ ਹੋ। ਤੁਸੀ ਉਸ ਨੂੰ ਇਸ਼ਕ ਮੰਨਦੇ ਹੋ ਜੋ ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਕਰਦਾ ਹੈ। ਤੁਸੀ ਇਸ਼ਕ ਉਸ ਨੂੰ ਸਮਝਦੇ ਹੋ ਜੋ ਮਨਚਲੇ ਰਾਹ ਜਾਂਦੀਆਂ ਕੁੜੀਆਂ ਨੂੰ ਕਰਦੇ ਹਨ। ਮੈਨੂੰ ਨੂਰਾਨੀ ਦੀ ਪਰਦੇ 'ਚ ਪਈ ਪਾਕਿ-ਪਵਿੱਤਰ ਰੂਹ ਨਾਲ ਇਸ਼ਕ ਹੈ। ਮੈਨੂੰ ਨੂਰਾਨੀ ਦੀ ਸੋਚ ਅਤੇ ਉਸ ਦੀ ਮਾਸੂਮੀਅਤ ਨਾਲ ਇਸ਼ਕ ਹੈ। ਮੈਂ ਆਪਣੇ ਕਿਸੇ ਫਾਇਦੇ ਜਾਂ ਕਿਸੇ ਲੋਭ-ਲਾਲਚ ਲਈ ਉਸ ਦੀ ਮਦਦ ਨਹੀਂ ਕਰਦਾ। ਖੌਰੇ ਕੋਈ ਪੁਰਾਣੇ ਜਨਮ ਦਾ ਸਾਡਾ ਰਿਸ਼ਤਾ ਹੈ ਜਾਂ ਇਨਸਾਨੀਅਤ, ਜੋ ਅਸੀਂ ਇਕ ਦੂਜੇ ਦੇ ਬਣ ਗਏ ਹਾਂ। ਇਸ਼ਕ ਦੇ ਰੂਪ ਬੜੇ ਹਨ ਮਿੱਤਰੋ! ਕਦੀ ਰੂਹ ਨਾਲ ਇਸ਼ਕ ਕਰਕੇ ਤਾਂ ਦੇਖੋ! ਜਿਸਮਾਂ ਨਾਲ ਤਾਂ ਵਪਾਰੀ ਵੀ ਇਸ਼ਕ ਕਰ ਲੈਂਦੇ ਨੇ।' ਗੁਰਮੇਲ ਦਾ ਜੁਵਾਬ ਸੁਣ ਕੇ ਦੋਸਤ ਚੁੱਪ ਹੋ ਜਾਂਦੇ।

**ਜੈਤੋ ਸਰਜਾ, ਬਟਾਲਾ (ਗੁਰਦਾਸਪੁਰ)**
96468-52416

**ਪੁਸਤਕ ਰੀਵਿਊ**

# ਮੁਰਝਾਏ ਫੁੱਲ

**ਲੇਖਕ : ਜਸਵੀਰ ਸਿੰਘ ਭਲੂਰੀਆ**
**ਪ੍ਰਕਾਸ਼ਨ : ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਮੁੱਲ : 150 ਰੁਪਏ, ਪੰਨੇ : 112**
**ਸੰਪਰਕ : 0161-2413613**

ਜਸਵੀਰ ਸਿੰਘ ਭਲੂਰੀਆ ਇਕ ਚੇਤੰਨ ਲਿਖਾਰੀ ਹੈ। ਉਹ ਸਾਡੇ ਮੌਜੂਦਾ ਪ੍ਰਬੰਧ ਦੀ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤੀ ਦੀ ਡੂੰਘੀ ਸਮਝ ਰੱਖਦਾ ਹੈ। ਇਸੇ ਚੇਤਨਾ 'ਚੋਂ ਹੀ ਉਸਦੀਆਂ ਲਿਖਤਾਂ ਜਨਮ ਲੈਂਦੀਆਂ ਹਨ। ਪਿਛਲੇ ਦੋ ਦਹਾਕਿਆਂ ਤੋਂ ਉਹ ਚੰਗੀ ਲੇਖਣੀ ਲਈ ਯਤਨਸ਼ੀਲ ਹੈ। ਹੁਣ ਤੱਕ ਉਸਦੀਆਂ ਚਾਰ ਕਿਤਾਬਾਂ ਛਪ ਚੁੱਕੀਆਂ ਹਨ। ਪੰਜਾਬੀ ਭਾਸ਼ਾ 'ਚ ਛਪਣ ਵਾਲੇ ਨਾਮਵਰ ਅਖ਼ਬਾਰਾਂ, ਰਸਾਲਿਆਂ 'ਚ ਉਸਦੀਆਂ ਰਚਨਾਵਾਂ ਅਕਸਰ ਛਪਦੀਆਂ ਰਹਿੰਦੀਆਂ ਹਨ। ਸਾਹਿਤ ਦੀਆਂ ਸਿਨਫ਼ਾਂ ਗੀਤ, ਬਾਲ ਗੀਤ-ਕਵਿਤਾ, ਵਿਅੰਗ ਤੋਂ ਇਲਾਵਾ ਉਹ ਪਿਛਲੇ ਕਾਫ਼ੀ ਸਮੇਂ ਤੋਂ ਸਮਾਜਿਕ ਸਮੱਸਿਆਵਾਂ ਅਤੇ ਭਖਦੇ ਮਸਲਿਆਂ 'ਤੇ ਮਿੰਨੀ ਕਹਾਣੀਆਂ ਲਗਾਤਾਰ ਲਿਖ ਰਿਹਾ ਹੈ। ਚਰਚਾ ਅਧੀਨ ਪੁਸਤਕ 'ਮੁਰਝਾਏ ਫੁੱਲ' ਵਿਚ ਵੱਖ-ਵੱਖ ਵਿਸ਼ਿਆਂ 'ਤੇ ਆਧਾਰਿਤ ਉਸਦੀਆਂ 112 ਮਿੰਨੀ ਕਹਾਣੀਆਂ ਸ਼ਾਮਲ ਹਨ। ਅਜੋਕੇ ਪਦਾਰਥਕ ਅਤੇ ਭੱਜ-ਦੌੜ ਦੇ ਦੌਰ 'ਚ 'ਮਿੰਨੀ ਕਹਾਣੀ' ਸਾਹਿਤ ਦਾ ਹਰਮਨ-ਪਿਆਰਾ ਰੂਪ ਬਣ ਗਈ ਹੈ। ਇਸ ਨੂੰ ਪਾਠਕ ਨੀਝ ਨਾਲ ਪੜ੍ਹਦੇ ਹਨ ਅਤੇ ਪੂਰੀ ਗੰਭੀਰਤਾ ਨਾਲ ਵਿਸਲੇਸ਼ਣ ਵੀ ਕਰਦੇ ਹਨ। ਪੁਸਤਕ 'ਚ ਸ਼ਾਮਲ ਮਿੰਨੀ ਕਹਾਣੀਆਂ ਵਿਚੋਂ ਬਹੁਤੀਆਂ, ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਰਚਨਾਵਾਂ 'ਮਾਂ ਦਾ ਮੁੱਲ' 'ਚ ਬਜ਼ੁਰਗਾਂ ਦੀ ਅਣਦੇਖੀ, 'ਖੇਡ ਮੇਲਾ' ਵਿਚ ਨਸ਼ਿਆਂ ਦੀ ਵਰਤੋਂ, 'ਬੁੱਢਾ ਢੱਗਾ' ਅਜੋਕਾ ਪਦਾਰਥਵਾਦੀ ਰੁਝਾਨ, 'ਹੱਥ ਦੀ ਸਫ਼ਾਈ' ਵਿਗਿਆਨਕ ਤੇ ਭ੍ਰਿਸ਼ਟਾਚਾਰ, 'ਕਲਮਕਾਰ ਦੀ ਮੌਤ' ਸੰਵੇਦਨਸ਼ੀਲਤਾ 'ਤੇ ਆਧਾਰਿਤ ਹਨ। 'ਮੁਰਝਾਏ ਫੁੱਲ' ਅਜੋਕੇ ਸਮੇਂ ਦੇ ਅਹਿਮ ਅਤੇ ਚਿੰਤਾਜਨਕ ਮਸਲੇ ਬਾਲ ਮਜ਼ਦੂਰੀ ਨੂੰ ਉਭਾਰਦੀ ਹੈ। ਇਸਦੇ ਅੰਤਰਗਤ ਗ਼ਰੀਬੀ ਅਤੇ




ਅਨਪੜ੍ਹਤਾ ਵਿਸ਼ੇ ਵੀ ਆਉਂਦੇ ਹਨ। ਲੇਖਕ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਆਜ਼ਾਦੀ ਤੋਂ ਦਹਾਕਿਆਂ ਬਾਅਦ ਵੀ ਸਾਡੇ ਦੇਸ਼ ਦੇ ਸਕੂਲੀ ਸਿੱਖਿਆ ਤੋਂ ਕੋਰੇ ਲੱਖਾਂ ਬੱਚਿਆਂ ਨੂੰ ਪੜ੍ਹਨ-ਲਿਖਣ ਦੀ ਉਮਰ 'ਚ ਬਾਲ ਮਜ਼ਦੂਰੀ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਬਾਕੀ ਕਹਾਣੀਆਂ 'ਮਾਂ ਬੋਲੀ ਦਾ ਮੋਹ,'ਦੇਸ਼ ਭਗਤ', 'ਜੁਗਨੂੰ', 'ਵਿਰਸਾ', 'ਫ਼ਾਇਦਾ', 'ਦਾਨ', 'ਭੂਚਾਲ', 'ਇੱਕੀਵੀਂ ਸਦੀ' ਅਤੇ ਹੋਰ ਜਿੱਥੇ ਵਿਸ਼ੇ, ਮਿਆਰ, ਪੇਸ਼ਕਾਰੀ, ਪਾਤਰ ਚਿਤਰਣ, ਰੂਪਕ ਪੱਖ ਤੋਂ ਵਧੀਆ ਹਨ, ਓਥੇ ਸਾਡੀ ਸੋਚ ਨੂੰ ਹਲੂਣਾ ਦੇ ਕੇ ਅਜੋਕੇ ਸਮੇਂ ਦੀਆਂ ਗੰਭੀਰ ਸਮੱਸਿਆਵਾਂ ਪ੍ਰਤੀ ਲਾਮਬੰਦ ਵੀ ਕਰਦੀਆਂ ਹਨ। ਮਾਨਵੀ ਚੇਤਨਾ ਜਗਾਉਣ ਅਤੇ ਅਗਾਂਹਵਧੂ ਵਿਸ਼ਿਆਂ 'ਤੇ ਆਧਾਰਿਤ ਇਹ ਪੁਸਤਕ ਪਾਠਕਾਂ ਨੂੰ ਲਾਜ਼ਮੀ ਪਸੰਦ ਆਵੇਗੀ। ਚੰਗੀ ਲੇਖਣੀ ਲਈ ਲੇਖਕ ਵਧਾਈ ਦਾ ਹੱਕਦਾਰ ਹੈ।

ਧਾਰਮਿਕ ਸਮਾਗਮ, ਧਾਰਮਿਕ ਦੀਵਾਨ, ਸੱਭਿਆਚਾਰਕ ਪ੍ਰੋਗਰਾਮ, ਸਾਹਿਤਕ ਪ੍ਰੋਗਰਾਮ, ਧਾਰਮਿਕ ਦਿਨ ਤਿਉਹਾਰਾਂ, ਖੇਡਾਂ ਦਾ
ਮਹਿਕ ਵਤਨ ਦੀ ਲਾਈਵ ਟੀ.ਵੀ. ਤੇ
ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ/ ਚੀਫ ਡਾਇਰੈਕਟਰ)
ਸਿੱਧਾ ਪ੍ਰਸਾਰਨ
ਕਰਵਾਉਣ ਲਈ ਸੰਪਰਕ ਕਰੋ!
Contact For
Live Telicast
Help Line: 9988 92 9988
Monthly Magazine * Daily Online Newspaper * Web TV Channel
www.mehakwatandilive.com



# ਹੋਲੇ ਮਹੱਲੇ 'ਤੇ ਵਿਸ਼ੇਸ਼ ਸਪਲੀਮੈਂਟ

ਸਮੂੰਹ ਸੰਗਤ ਨੂੰ ਹੋਲੇ ਮਹੱਲੇ ਦੀਆਂ ਲੱਖ-ਲੱਖ ਮੁਬਾਰਕਾਂ ਅਤੇ ਇਸ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਸੰਤਾਂ ਮਹਾਪੁਰਖਾਂ ਦਾ ਹਾਰਦਿਕ ਧੰਨਵਾਦ!

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988




ਦੇਸ਼ਾਂ ਵਿਦੇਸ਼ਾਂ ਵਿਚ ਵਸਦੀ ਸਮੂੰਹ ਸੰਗਤ ਜੀ ਨੂੰ
**ਹੋਲੇ ਮਹੱਲੇ**
ਦੀਆਂ ਲੱਖ-ਲੱਖ ਮੁਬਾਰਕਾਂ







ਮੁੱਖ ਸੇਵਾਦਾਰ :
**ਬਾਬਾ ਜਗਤਾਰ ਸਿੰਘ ਜੀ ਵੜ੍ਹਿਆ ਵਾਲੇ**
ਮੋ. 81466-37096

ਇਸ ਪਵਿੱਤਰ ਅਸਥਾਨ ਤੇ ਹਰ ਮਹੀਨੇ ਮੱਸਿਆ ਦਾ ਦਿਹਾੜਾ ਮਨਾਇਆ ਜਾਂਦਾ ਹੈ। ਭੋਗ ਉਪਰੰਤ ਧਾਰਮਿਕ ਦੀਵਾਨ ਸਜਦੇ ਹਨ। ਸਮੂੰਹ ਸੰਗਤ ਨੂੰ ਇਸ ਮੌਕੇ ਹਾਜ਼ਰ ਹੋਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ਜੀ।

**ਗੁਰਦੁਆਰਾ ਕੁਟੀਆ ਸਾਹਿਬ**
ਦੌਧਰ ਵਾਲੀ ਸੜਕ ਉੱਪਰ, ਪਿੰਡ ਬੁੱਟਰ ਕਲਾਂ (ਜ਼ਿਲ੍ਹਾ ਮੋਗਾ)



ਦੇਸ਼ਾਂ ਵਿਦੇਸ਼ਾਂ ਵਿਚ ਵਸਦੀ ਸਮੂੰਹ ਸੰਗਤ ਜੀ ਨੂੰ
**ਹੋਲੇ ਮਹੱਲੇ**
ਦੀਆਂ ਲੱਖ-ਲੱਖ ਮੁਬਾਰਕਾਂ





ਮੁੱਖ ਸੇਵਾਦਾਰ :
**ਸੰਤ ਬਾਬਾ ਸੁਰਿੰਦਰ ਸਿੰਘ ਜੀ ਸੁਭਾਨਾ (ਜਲੰਧਰ) ਵਾਲੇ**

ਸੰਤ ਬਾਬਾ ਸੁਰਿੰਦਰ ਸਿੰਘ ਜੀ ਦੀ ਸਰਪ੍ਰਸਤੀ ਵਿਚ ਹਰ ਸਾਲ ਫਤਹਿਗੜ੍ਹ ਸਾਹਿਬ ਦੇ ਸਲਾਨਾ ਸ਼ਹੀਦੀ ਜੋੜ ਮੇਲੇ ਮੌਕੇ ਸੁਭਾਨਾ (ਜਲੰਧਰ) ਤੋਂ ਸ੍ਰੀ ਫਤਹਿਗੜ੍ਹ ਸਾਹਿਬ (ਸਰਹੰਦ) ਤੱਕ ਤਿੰਨ ਦਿਨਾਂ ਪੈਦਲ ਯਾਤਰਾ ਕੀਤੀ ਜਾਂਦੀ ਹੈ। ਜਿਸ ਵਿਚ ਸਗਤਾਂ ਦਾ ਭਾਰੀ ਉਤਸ਼ਾਹ ਹੁੰਦਾ ਹੈ।

**ਗੁਰਦੁਆਰਾ ਅਕਾਲ ਬੁੰਗਾ ਸਾਹਿਬ**
ਨੇੜੇ ਗੜ੍ਹਾ ਮੰਡੀ, ਸੁਭਾਨਾ (ਜਲੰਧਰ) ਪੰਜਾਬ
ਸੰਪਰਕ : 84381-13000, 78890-21521, 81464-00834
94655-75000, 98880-20586, 94176-10761, 97793-72155



ਦੇਸ਼ਾਂ ਵਿਦੇਸ਼ਾਂ ਵਿਚ ਵਸਦੀ ਸਮੂੰਹ ਸੰਗਤ ਜੀ ਨੂੰ
**ਹੋਲੇ ਮਹੱਲੇ** ਦੀਆਂ ਲੱਖ-ਲੱਖ ਮੁਬਾਰਕਾਂ





ਧੰਨ ਗੁਰੂ ਨਾਨਕ ਤੂੰਹੀ ਨਿਰੰਕਾਰ॥
**ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ**
(ਸ੍ਰੀ ਅੰਮ੍ਰਿਤਸਰ ਸਾਹਿਬ) ਪੰਜਾਬ
ਨੋਟ : ਇਸ ਅਸਥਾਨ ਤੇ ਹਰ ਐਤਵਾਰ ਨੂੰ ਦੁੱਖ ਨਿਵਾਰਨ ਕੈਂਪ ਲੱਗਦਾ ਹੈ।

ਮੁੱਖ ਸੇਵਾਦਾਰ : **ਬਾਬਾ ਬਿਬੇਕ ਸਿੰਘ ਜੀ**
ਸੰਪਰਕ : 97810-13856, 88720-10113





ਦੇਸ਼ਾਂ ਵਿਦੇਸ਼ਾਂ ਵਿਚ ਵਸਦੀ ਸਮੂੰਹ ਸੰਗਤ ਜੀ ਨੂੰ
**ਹੋਲੇ ਮਹੱਲੇ**
ਦੀਆਂ ਲੱਖ-ਲੱਖ ਮੁਬਾਰਕਾਂ

*With best wishes from :*



**ਵੈਦ ਸੰਤ ਬਾਬਾ ਰਾਮ ਸਿੰਘ ਜੀ**
ਸਰਪ੍ਰਸਤ ਸ਼੍ਰੋਮਣੀ ਪੰਜਾਬੀ ਵੈਦ ਮੰਡਲ, ਪੰਜਾਬ (ਰਜਿ.) ਅੰਮ੍ਰਿਤਸਰ ਸਾਹਿਬ
ਸੰਪਰਕ : 98144-87612

ਇਥੇ ਹਰ ਬਿਮਾਰੀ ਦਾ ਇਲਾਜ ਜਿਵੇਂ ਸ਼ੂਗਰ, ਬਵਾਸੀਰ, ਜੋੜਾਂ ਦੇ ਦਰਦ, ਬਲੱਡ ਪ੍ਰੈਸ਼ਰ, ਵਜ਼ਨ ਘਟਣਾ ਵਧਣਾ, ਹਾਰਟ ਅਟੈਕ, ਨਾੜਾਂ ਦੀ ਬਲੋਕੇਜ, ਖ਼ੂਨ ਦੀਆਂ ਗੰਢਾਂ, ਸੰਗਰਹਿਣੀ, ਹਰਨੀਆਂ, ਕੈਂਸਰ, ਕਾਲਾ ਪੀਲੀਆ, ਦਮਾ, ਖਾਂਸੀ, ਜ਼ੁਕਾਮ, ਔਰਤਾਂ ਦੀਆਂ ਮਾਸਕ ਪ੍ਰੋਬਲਮ, ਸਿਹਤ ਨਾ ਬਣਨਾ, ਮੋਟਾਪਾ, ਅਧਰੰਗ, ਸ਼ੁਕਰਾਣੂਆਂ ਦੀ ਕਮੀ, ਨਪੁੰਸਕਤਾ, ਟਾਈਫਾਈਡ, ਲੀਵਰ ਦੇ ਰੋਗ, ਚਮੜੀ ਦੇ ਰੋਗ ਵਗੈਰਾ ਬੀਮਾਰੀਆਂ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

**ਬਿਨਾਂ ਤਕਲੀਫ ਨਸ਼ਾ ਛੱਡੋ ਸਿਰਫ 45 ਦਿਨਾਂ ਵਿਚ**
**ਬੇ-ਔਲਾਦ ਜੋੜੇ ਜ਼ਰੂਰ ਮਿਲਣ ਦੇਸੀ ਇਲਾਜ ਕੀਤਾ ਜਾਂਦਾ ਹੈ।**



**ਖੁਸ਼ੀਆ ਵੰਡੋ ਸਾਡੇ ਨਾਲ**

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ
ਵਿੱਚ ਆਪਣੀ ਤਸਵੀਰ ਛਪਵਾਓ

*ਬੱਚੇ ਦੇ ਜਨਮ ਦਿਨ ਦੀ *ਨਵੇਂ ਵਿਆਹੇ ਜੋੜੇ ਦੀ
*ਆਪਣੀ ਸਾਲਗਿਰਾਹ ਦੀ

ਇਹ ਸਾਰੀਆਂ ਸੇਵਾਵਾਂ ਬਿਲਕੁਲ ਮੁਫਤ ਹਨ ।
ਸਾਡੇ ਪੱਤਰਕਾਰ ਜਾਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ ਜਾਂ ਈ-ਮੇਲ ਵੀ ਕਰ ਸਕਦੇ ਹੋ ।
Help Line: (+91) - 9988-92-9988
E-Mail: mehakwattandi@rediffmail.com

ਸਮੂੰਹ ਸ਼ਹਿਰ ਅਤੇ ਇਲਾਕਾ
ਨਿਵਾਸੀਆਂ ਨੂੰ ਹੋਲੀ ਅਤੇ ਹੋਲੇ ਮੁਹੱਲੇ
ਦੀਆਂ ਲੱਖ-ਲੱਖ ਮੁਬਾਰਕਾਂ।



*With best compliments from:*

**Madam Bhagwanti Purba**

# ਏਕਮ ਟਿਊਸ਼ਨ ਸੈਂਟਰ

ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ

# EKAM Tution Center

CBSE / ICSE / Punjab School Edu. Board

## All Subject of Nursury to 8 th Classes

**Center: House No. 1195, Ajit Nagar**
**Near Ghalan Walia Di Atta Chakki**
**Basti Gobindgarh Moga**

**Contact: 96460-21463**

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016